# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 310 | 01/05/2026 | www.samajweekly.com | samajweekly | @samajweekly | samajweekly




# ਖ਼ਰਾਬ ਮੌਸਮ ਕਾਰਨ ਮੱਧ ਪ੍ਰਦੇਸ਼ ਦੇ ਜਬਲਪੁਰ ਦੇ ਬਰਗੀ ਡੈਮ ਵਿੱਚ ਡੁੱਬਿਆ ਕਰੂਜ਼

## 40 ਤੋਂ ਵੱਧ ਲੋਕ ਸਵਾਰ ਸਨ, ਡੁੱਬਣ ਕਾਰਨ 5 ਲੋਕਾਂ ਦੀ ਮੌਤ, ਕਈ ਲਾਪਤਾ

**ਜਬਲਪੁਰ:** ਜਬਲਪੁਰ ਦੇ ਪ੍ਰਸਿੱਧ ਸੈਲਾਨੀ ਸਥਾਨ ਬਰਗੀ ਡੈਮ (ਭਓਰਗਿ ਧਓਮ) ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਵੀਰਵਾਰ ਸ਼ਾਮ ਨੂੰ ਅਚਾਨਕ ਆਏ ਭਿਆਨਕ ਤੂਫ਼ਾਨ ਨੇ ਖੁਸ਼ੀਆਂ ਦੇ ਸਫ਼ਰ ਨੂੰ ਸੋਗ ਵਿੱਚ ਬਦਲ ਦਿੱਤਾ। ਡੈਮ ਦੇ ਡੂੰਘੇ ਪਾਣੀ ਵਿੱਚ ਸੈਲਾਨੀਆਂ ਨਾਲ ਭਰਿਆ ਇੱਕ ਕਰੂਜ਼ ਆਪਣਾ ਸੰਤੁਲਨ ਗੁਆ ਕੇ ਡੁੱਬ ਗਿਆ। ਹਾਦਸੇ ਸਮੇਂ ਕਰੂਜ਼ 'ਤੇ ਕਰੀਬ 40 ਲੋਕ ਸਵਾਰ ਸਨ।

**ਕੁਦਰਤ ਦਾ ਕਹਿਰ: ਅੱਖਾਂ ਝਪਕਦਿਆਂ ਹੀ ਡੁੱਬਿਆ ਜਹਾਜ਼**

ਚਸ਼ਮਦੀਦਾਂ ਅਨੁਸਾਰ, ਸ਼ਾਮ ਦੇ ਸਮੇਂ ਜਦੋਂ ਕਰੂਜ਼ ਪਾਣੀ ਦੇ ਵਿਚਕਾਰ ਸੀ, ਤਾਂ ਅਚਾਨਕ ਮੌਸਮ ਨੇ ਕਰਵਟ ਲਈ। ਤੇਜ਼ ਹਵਾਵਾਂ ਅਤੇ ਉੱਚੀਆਂ ਲਹਿਰਾਂ ਕਾਰਨ ਕਰੂਜ਼ ਦਾ ਸੰਤੁਲਨ ਵਿਗੜ ਗਿਆ। ਦੇਖਦੇ ਹੀ ਦੇਖਦੇ ਜਹਾਜ਼ ਪਾਣੀ ਵਿੱਚ ਸਮਾਉਣ ਲੱਗਾ। ਚੀਕ-ਚਿਹਾੜਾ ਸੁਣ ਕੇ ਆਸ-ਪਾਸ ਮੌਜੂਦ ਮਲਾਹ ਅਤੇ ਪ੍ਰਸ਼ਾਸਨ ਦੀ ਟੀਮ ਹਰਕਤ ਵਿੱਚ ਆਈ, ਪਰ ਤੂਫ਼ਾਨ



ਇੰਨਾ ਤੇਜ਼ ਸੀ ਕਿ ਬਚਾਅ ਕਾਰਜ ਵਿੱਚ ਕਈ ਰੁਕਾਵਟਾਂ ਆਈਆਂ।

ਪ੍ਰਸ਼ਾਸਨਿਕ ਅਮਲਾ ਅਤੇ ਗੋਤਾਖੋਰਾਂ ਦੀ ਟੀਮ ਮੌਕੇ 'ਤੇ ਮੌਜੂਦ ਹੈ। ਮੌਜੂਦਾ ਸਥਿਤੀ ਇਸ ਪ੍ਰਕਾਰ ਹੈ:

**ਬਰਾਮਦ ਲਾਸ਼ਾਂ:** ਹੁਣ ਤੱਕ 5 ਲੋਕਾਂ ਦੀਆਂ ਲਾਸ਼ਾਂ ਪਾਣੀ ਵਿੱਚੋਂ ਕੱਢੀਆਂ ਜਾ ਚੁੱਕੀਆਂ ਹਨ।

**ਸੁਰੱਖਿਅਤ ਬਚਾਏ ਗਏ:** ਕਰੀਬ 15 ਯਾਤਰੀਆਂ ਨੂੰ ਸਥਾਨਕ ਲੋਕਾਂ ਅਤੇ ਹੋਮਗਾਰਡ ਦੇ ਜਵਾਨਾਂ ਨੇ ਸੁਰੱਖਿਅਤ ਬਾਹਰ ਕੱਢ ਲਿਆ ਹੈ।

**ਲਾਪਤਾ:** ਕਰੀਬ 20 ਲੋਕਾਂ ਦੀ ਭਾਲ ਅਜੇ ਵੀ ਜਾਰੀ ਹੈ। ਰਾਤ ਦਾ ਸਮਾਂ ਹੋਣ ਅਤੇ ਪਾਣੀ ਡੂੰਘਾ ਹੋਣ ਕਾਰਨ ਰੈਸਕਿਊ ਆਪਰੇਸ਼ਨ ਵਿੱਚ ਚੁਣੌਤੀਆਂ ਆ ਰਹੀਆਂ ਹਨ।

**ਕਲੈਕਟਰ ਦਾ ਬਿਆਨ**

"ਹਾਦਸਾ ਬਹੁਤ ਹੀ ਮੰਦਭਾਗਾ ਹੈ। ਸਾਡੀ ਪਹਿਲ ਲਾਪਤਾ ਲੋਕਾਂ ਨੂੰ ਜਲਦੀ ਤੋਂ ਜਲਦੀ ਲੱਭਣਾ ਹੈ। ਧ੍ਰਢ ਅਤੇ ਸ਼ਧ੍ਰਢ ਦੀਆਂ ਟੀਮਾਂ ਮੌਕੇ 'ਤੇ ਤਾਇਨਾਤ ਹਨ ਅਤੇ ਸਰਚ ਲਾਈਟ ਦੀ ਮਦਦ ਨਾਲ ਆਪਰੇਸ਼ਨ ਚਲਾਇਆ ਜਾ ਰਿਹਾ ਹੈ।"

**ਸੁਰੱਖਿਆ ਮਾਪਦੰਡਾਂ 'ਤੇ ਉੱਠੇ ਸਵਾਲ**

ਇਸ ਹਾਦਸੇ ਨੇ ਇੱਕ ਵਾਰ ਫਿਰ ਸੈਲਾਨੀ ਸਥਾਨਾਂ 'ਤੇ ਸੁਰੱਖਿਆ ਮਾਪਦੰਡਾਂ ਦੀ ਪੋਲ ਖੋਲ੍ਹ ਦਿੱਤੀ ਹੈ। ਕੀ ਸਮਰੱਥਾ ਤੋਂ ਵੱਧ ਲੋਕ ਸਵਾਰ ਸਨ? ਕੀ ਸਾਰੇ ਯਾਤਰੀਆਂ ਕੋਲ ਲਾਈਫ ਜੈਕੇਟ ਮੌਜੂਦ ਸੀ? ਅਤੇ ਸਭ ਤੋਂ ਵੱਡਾ ਸਵਾਲ ਕਿ ਖ਼ਰਾਬ ਮੌਸਮ ਦੀ ਚੇਤਾਵਨੀ ਦੇ ਬਾਵਜੂਦ ਕਰੂਜ਼ ਨੂੰ ਪਾਣੀ ਵਿੱਚ ਕਿਉਂ ਲਿਜਾਇਆ ਗਿਆ? ਇਨ੍ਹਾਂ ਸਾਰੇ ਪਹਿਲੂਆਂ ਦੀ ਪੁਲਿਸ ਜਾਂਚ ਕਰ ਰਹੀ ਹੈ।

# ਸੀ ਐਨ ਜੀ ਕਾਰ ਨੂੰ ਅੱਗ ਲੱਗਣ ਕਾਰਨ 5 ਵਿਅਕਤੀਆਂ ਦੀ ਮੌਤ, 1 ਗੰਭੀਰ ਜ਼ਖਮੀ

**ਨਵੀਂ ਦਿੱਲੀ।** ਦਿੱਲੀ-ਮੁੰਬਈ ਐਕਸਪ੍ਰੈਸਵੇਅ ਤੇ ਗੈਸ ਲੀਕ ਹੋਣ ਕਾਰਨ ਕਾਰ ਵਿੱਚ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਕਾਰ ਦੇ ਅੰਦਰ ਬੈਠੇ ਪੰਜ ਲੋਕ ਜ਼ਿੰਦਾ ਸੜ ਗਏ। ਰਾਜਸਥਾਨ ਦੇ ਅਲਵਰ ਜ਼ਿਲ੍ਹੇ ਵਿੱਚ ਬੀਤੀ ਦੇਰ ਰਾਤ ਦਿੱਲੀ-ਮੁੰਬਈ ਐਕਸਪ੍ਰੈਸਵੇਅ ਤੇ ਇਹ ਹਾਦਸਾ ਵਾਪਰਿਆ। ਲਕਸ਼ਮਣਗੜ੍ਹ ਥਾਣਾ ਖੇਤਰ ਦੇ ਮੌਜਪੁਰ ਨੇੜੇ ਇੱਕ ਚੱਲਦੀ ਕਾਰ ਨੂੰ ਅਚਾਨਕ ਅੱਗ ਲੱਗ ਗਈ ਅਤੇ ਇਸ ਦੌਰਾਨ ਪੂਰੀ ਤਰ੍ਹਾਂ ਤਬਾਹ ਹੋ ਗਈ। ਇਸ ਦਰਦਨਾਕ ਹਾਦਸੇ ਵਿੱਚ ਕਾਰ ਵਿੱਚ ਸਵਾਰ ਪੰਜ ਵਿਅਕਤੀਆਂ ਦੀ ਸੜਨ ਕਾਰਨ ਮੌਕੇ



ਤੇ ਮੌਤ ਹੋ ਗਈ। ਜਾਣਕਾਰੀ ਅਨੁਸਾਰ, ਸਾਰੇ ਮ੍ਰਿਤਕ ਮੱਧ ਪ੍ਰਦੇਸ਼ ਦੇ ਸ਼ਿਓਪੁਰ ਜ਼ਿਲ੍ਹੇ ਦੇ ਵਸਨੀਕ ਸਨ। ਉਕਤ ਸਾਰੇ ਲੋਕ ਮਾਤਾ ਵੈਸ਼ਨੋ ਦੇਵੀ ਦੇ ਦਰਸ਼ਨ ਕਰਕੇ ਘਰ ਵਾਪਸ ਆ ਰਹੇ ਸਨ। ਪਰਿਵਾਰ ਨੇ ਯਾਤਰਾ ਲਈ ਟੈਕਸੀ ਬੁੱਕ ਕੀਤੀ ਸੀ। ਯਾਤਰਾ ਪੂਰੀ ਕਰਨ ਤੋਂ ਬਾਅਦ, ਜਦੋਂ ਉਹ ਵਾਪਸ ਆ ਰਹੇ ਸਨ ਤਾਂ ਇਹ ਹਾਦਸਾ ਵਾਪਰਿਆ। ਚਸ਼ਮਦੀਦਾਂ ਅਤੇ ਸ਼ੁਰੂਆਤੀ ਜਾਂਚ ਦੇ ਅਨੁਸਾਰ, ਐਕਸਪ੍ਰੈਸਵੇਅ ਤੋਂ ਲੰਘਦੇ ਸਮੇਂ ਕਾਰ ਨੂੰ ਅਚਾਨਕ ਅੱਗ ਲੱਗ ਗਈ। ਅੱਗ ਇੰਨੀ ਭਿਆਨਕ ਸੀ ਕਿ ਕਿਸੇ ਨੂੰ ਵੀ ਬਾਹਰ ਨਿਕਲਣ ਦਾ ਮੌਕਾ ਨਹੀਂ ਮਿਲਿਆ। ਇਸ ਹਾਦਸੇ ਵਿੱਚ ਤਿੰਨ ਔਰਤਾਂ ਅਤੇ ਇੱਕ ਬੱਚੇ ਸਮੇਤ ਪੰਜ ਲੋਕਾਂ ਦੀ ਸੜਨ ਕਾਰਨ ਮੌਤ ਹੋ ਗਈ। ਹਾਦਸੇ ਵਿੱਚ ਡਰਾਈਵਰ ਲਗਭਗ 80 ਪ੍ਰਤੀਸ਼ਤ ਸੜ ਗਿਆ ਸੀ ਅਤੇ ਉਸਨੂੰ ਪਿਨਾਨ ਦੇ ਇੱਕ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਹਾਲਤ ਵਿਗੜ ਗਈ ਅਤੇ ਉਸਨੂੰ ਜੈਪੁਰ ਤਬਦੀਲ ਕਰ ਦਿੱਤਾ ਗਿਆ।

# ਜਬਰ ਜ਼ਿਨਾਹ ਪੀੜਤਾਂ ਦੀ ਗਰਭ ਅਵਸਥਾ ਖ਼ਤਮ ਕਰਨ ਸੰਬੰਧੀ ਕਾਨੂੰਨ ਵਿੱਚ ਸੋਧ ਤੇ ਵਿਚਾਰ ਕਰੇ ਕੇਂਦਰ : ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ 15 ਸਾਲਾ ਕੁੜੀ ਨੂੰ 30 ਹਫ਼ਤਿਆਂ ਦੀ ਗਰਭ ਅਵਸਥਾ ਖ਼ਤਮ ਕਰਨ ਦੀ ਮਨਜ਼ੂਰੀ ਦੇਣ ਵਾਲੇ ਆਪਣੇ ਆਦੇਸ਼ ਨੂੰ ਰੱਦ ਕਰਨ ਦੀ ਅਪੀਲ ਕਰਨ ਵਾਲੀ ਏਮਜ਼ ਦੀ ਪਟੀਸ਼ਨ ਤੇ ਅੱਜ ਸਖ਼ਤ ਇਤਰਾਜ਼ ਜਤਾਇਆ। ਕੋਰਟ ਨੇ ਕੇਂਦਰ ਸਰਕਾਰ ਨੂੰ ਜਬਰ ਜ਼ਿਨਾਹ ਪੀੜਤਾਵਾਂ ਨੂੰ 20 ਹਫ਼ਤਿਆਂ ਤੋਂ ਵੱਧ ਮਿਆਦ ਤੋਂ ਬਾਅਦ ਵੀ ਅਣਚਾਹੇ ਗਰਭ ਨੂੰ ਖ਼ਤਮ ਕਰਨ ਦੀ ਮਨਜ਼ੂਰੀ ਦੇਣ ਲਈ ਕਾਨੂੰਨ ਵਿੱਚ ਸੋਧ ਕਰਨ ਤੇ ਵਿਚਾਰ ਕਰਨ ਲਈ ਕਿਹਾ। ਸੁਪਰੀਮ ਕੋਰਟ ਨੇ ਕਿਹਾ ਕਿ ਜਦੋਂ ਗਰਭਧਾਰਨ ਜਬਰ ਜ਼ਿਨਾਹ ਕਾਰਨ ਹੋਇਆ ਹੋਵੇ ਤਾਂ ਉਸ ਲਈ ਕੋਈ ਸਮੇਂ-ਹੱਦ ਨਹੀਂ ਹੋਣੀ ਚਾਹੀਦੀ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਕਾਨੂੰਨ ਨੂੰ ਪ੍ਰਾਸੰਗਿਕ ਅਤੇ ਬਦਲਦੇ ਸਮੇਂ ਦੇ ਅਨੁਰੂਪ ਹੋਣਾ ਚਾਹੀਦਾ। ਭਾਰਤ ਦੇ ਚੀਫ਼ ਜਸਟਿਸ ਸੂਰੀਆਕਾਂਤ ਅਤੇ ਜੱਜ ਜੋਇਮਾਲਿਆ ਬਾਗਚੀ ਦੀ ਬੈਂਚ ਨੇ ਕਿਹਾ ਕਿ ਇਹ ਬੱਚੀ ਨਾਲ ਜਬਰ ਜ਼ਿਨਾਹ ਦਾ ਮਾਮਲਾ ਹੈ ਅਤੇ ਜੇਕਰ ਗਰਭਪਾਤ ਦੀ ਮਨਜ਼ੂਰੀ ਨਹੀਂ ਦਿੱਤੀ ਗਈ ਤਾਂ ਪੀੜਤਾ ਨੂੰ ਜੀਵਨ ਭਰ ਮਾਨਸਿਕ ਦਰਦ ਝੱਲਣਾ ਪਵੇਗਾ।

ਸੁਪਰੀਮ ਕੋਰਟ ਨੇ ਕਿਹਾ ਕਿ ਜੇਕਰ ਮਾਂ ਨੂੰ ਸਥਾਈ ਅਯੋਗਤਾ ਦਾ ਖ਼ਤਰਾ ਨਹੀਂ ਹੈ ਤਾਂ ਗਰਭ



ਸਮਾਪਨ ਦੀ ਪ੍ਰਕਿਰਿਆ ਕੀਤੀ ਜਾਣੀ ਚਾਹੀਦੀ ਹੈ। ਨਾਲ ਹੀ ਸੁਪਰੀਮ ਕੋਰਟ ਨੇ ਅਖਿਲ ਆਯੂਰਵਿਗਿਆਨ ਸੰਸਥਾ (ਏਮਜ਼) ਨੂੰ ਨਿਰਦੇਸ਼ ਦਿੱਤਾ ਕਿ ਉਹ ਪੀੜਤਾ ਦੇ ਮਾਤਾ-ਪਿਤਾ ਨੂੰ ਇਸ ਮਾਮਲੇ ਵਿੱਚ ਐਡਵਾਇਜ਼ਰੀ ਦੇਣ ਅਤੇ ਸਪੱਸ਼ਟ ਕੀਤਾ ਕਿ ਅੰਤਿਮ ਫ਼ੈਸਲਾ ਪੀੜਤ ਕੁੜੀ ਦਾ ਹੀ ਹੋਣਾ ਚਾਹੀਦਾ। ਬੈਂਚ ਨੇ ਕਿਹਾ ਕਿ ਦੇਸ਼ ਵਿੱਚ ਗੋਦ ਲੈਣ ਲਈ ਬਹੁਤ ਸਾਰੇ ਬੱਚੇ ਹਨ। ਸਾਡੇ ਇੱਥੇ ਹਮਦਰਦੀ ਦੀ ਕੋਈ ਕਮੀ ਨਹੀਂ ਹੈ, ਸੜਕਾਂ ਤੇ ਕਈ ਲਾਵਾਰਸ ਬੱਚੇ ਹਨ, ਇੱਥੇ ਤੱਕ ਕਿ ਇਸ ਤੇ ਮਾਫੀਆ ਵੀ ਸਰਗਰਮ ਹਨ। ਸਾਨੂੰ ਇਸ ਤੇ ਧਿਆਨ ਦੇਣਾ ਚਾਹੀਦਾ। ਇਹ 15 ਸਾਲ ਦੀ ਕੁੜੀ ਦਾ ਅਣਚਾਹਿਆ ਗਰਭ ਹੈ। ਬੈਂਚ ਨੇ ਕਿਹਾ ਕਿ ਇਹ ਇਕ ਉਪਚਾਰਕ ਪਟੀਸ਼ਨ ਹੈ। ਕਿਸੇ ਤੇ ਅਣਚਾਹਿਆ ਗਰਭ ਨਹੀਂ ਥੋਪਿਆ ਜਾ ਸਕਦਾ। ਸੋਚੋ ਕਿ ਇਹ ਇਕ ਬੱਚੀ ਹੈ, ਜਿਸ ਨੂੰ ਇਸ ਸਮੇਂ ਪੜ੍ਹਾਈ ਕਰਨੀ ਚਾਹੀਦੀ ਹੈ ਪਰ ਅਸੀਂ ਉਸ ਨੂੰ ਮਾਂ ਬਣਾਉਣਾ ਚਾਹੁੰਦੇ ਹਾਂ। ਉਸ ਨੇ ਜੋ ਦਰਦ ਅਤੇ ਅਪਮਾਨ ਝੱਲਿਆ ਹੈ, ਉਸ ਦੀ ਕਲਪਨਾ ਕਰੋ। ਏਮਜ਼ ਵਲੋਂ ਪੇਸ਼ ਵਧੀਕ ਸਾਲਿਸੀਟਰ ਜਨਰਲ ਐਸ਼ਵਰਿਆ ਭਾਟੀ ਨੇ ਕਿਹਾ ਕਿ ਗਰਭ ਸਮਾਪਨ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਬੱਚਾ ਜਿਊਂਦਾ ਜਨਮ ਲੈ ਸਕਦਾ ਹੈ, ਜਿਸ ਵਿੱਚ ਗੰਭੀਰ ਵਿਕਾਰ ਹੋਣਗੇ। ਨਾਬ-ਾਲਗ ਮਾਂ ਨੂੰ ਜੀਵਨ ਭਰ ਸਿਹ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ ਅਤੇ ਭਵਿੱਖ ਵਿੱਚ ਉਹ ਮਾਂ ਨਹੀਂ ਬਣ ਸਕੇਗੀ। ਇਸ ਬੱਚੇ ਨੂੰ ਗੋਦ ਦਿੱਤਾ ਜਾ ਸਕਦਾ ਹੈ। ਹੁਣ 30 ਹਫ਼ਤੇ ਹੋ ਚੁੱਕੇ ਹਨ। ਹੁਣ ਬੱਚਾ ਜੀਵਨ ਜਿਊਣ ਦੀ ਸਥਿਤੀ ਵਿੱਚ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਗਰਭ ਸਮਾਪਨ ਦਾ ਫ਼ੈਸਲਾ ਪੀੜਤਾ ਅਤੇ ਉਸ ਦੇ ਮਾਤਾ-ਪਿਤਾ ਦੀ ਮਰਜ਼ੀ ਤੇ ਨਿਰਭਰ ਕਰੇਗਾ ਅਤੇ ਏਮਜ਼ ਉਨ੍ਹਾਂ ਨੂੰ ਸੋਚ ਸਮਝ ਕੇ ਫੈਸਲਾ ਲੈਣ ਵਿੱਚ ਮਦਦ ਕਰ ਸਕਦਾ ਹੈ। ਇਸ ਤੋਂ ਪਹਿਲਾਂ 24 ਅਪ੍ਰੈਲ ਨੂੰ ਜੱਜ ਬੀ.ਵੀ. ਨਾਗਰਤਨਾ ਅਤੇ ਜੱਜ ਉਜਲ ਭੂਈਆਂ ਦੀ ਬੈਂਚ ਨੇ 30 ਹਫ਼ਤਿਆਂ ਦੀ ਗਰਭ ਅਵਸਥਾ ਖ਼ਤਮ ਕਰਨ ਦੀ ਮਨਜ਼ੂਰੀ ਦਿੱਤੀ ਸੀ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly

Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਗੈਸ ਸਿਲੰਡਰ ਫੱਟਣ ਕਾਰਨ ਇੱਕੋ ਪਰਿਵਾਰ ਦੇ 7 ਮੈਂਬਰ ਝੁਲਸੇ

**ਅਲਵਰ।** ਰਾਜਸਥਾਨ ਦੇ ਖੈਰਥਲ-ਤਿਜਾਰਾ ਜ਼ਿਲ੍ਹੇ ਦੇ ਭਿਵਾੜੀ ਖੇਤਰ ਦੇ ਸੰਥਾਲਕਾ ਪਿੰਡ ਵਿੱਚ ਅੱਜ ਸਵੇਰੇ ਖਾਣਾ ਪਕਾਉਂਦੇ ਸਮੇਂ ਗੈਸ ਸਲਿੰਡਰ ਵਿੱਚ ਧਮਾਕਾ ਹੋਣ ਕਾਰਨ ਇਕ ਪਰਿਵਾਰ ਦੇ ਚਾਰ ਬੱਚਿਆਂ ਸਮੇਤ ਸੱਤ ਲੋਕ ਗੰਭੀਰ ਰੂਪ ਵਿੱਚ ਝੁਲਸ ਗਏ। ਰਿਪੋਰਟਾਂ ਅਨੁਸਾਰ, ਗੈਸ ਸਿਲੰਡਰ ਧਮਾਕਾ ਇੰਨਾ ਸ਼ਕਤੀਸ਼ਾਲੀ ਸੀ ਕਿ ਪੂਰੇ ਘਰ ਨੂੰ ਅੱਗ ਲੱਗ ਗਈ। ਹਾਦਸੇ ਸਮੇਂ ਘਰ ਵਿੱਚ ਮੌਜੂਦ ਪਰਿਵਾਰ ਦੇ ਸੱਤ ਮੈਂਬਰ ਅੱਗ ਦੀਆਂ ਲਪਟਾਂ ਵਿੱਚ ਫਸ ਗਏ ਅਤੇ ਬੁਰੀ ਤਰ੍ਹਾਂ ਝੁਲਸ ਗਏ। ਇਸ ਘਟਨਾ ਵਿੱਚ ਜ਼ਖਮੀਆਂ ਵਿੱਚ ਨੇਮ ਸਿੰਘ, ਮਮਤਾ, ਕਾਜਲ, ਕਿਸ਼ਨਵਤੀ, ਪੰਕਜ, ਛਗਨ ਅਤੇ ਵੀਰੇਸ਼ ਸ਼ਾਮਲ ਹਨ। ਧਮਾਕੇ ਤੋਂ ਬਾਅਦ ਸਥਾਨਕ ਲੋਕਾਂ ਨੇ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਅਤੇ ਸਾਰੇ ਜ਼ਖਮੀਆਂ ਨੂੰ ਬਾਹਰ ਕੱਢਣ ਅਤੇ ਹਸਪਤਾਲ ਪਹੁੰਚਾਉਣ ਵਿੱਚ ਮਦਦ ਕੀਤੀ। ਸੂਚਨਾ ਮਿਲਣ ਤੇ ਪੁਲੀਸ ਅਤੇ ਪ੍ਰਸ਼ਾਸਨ ਦੀਆਂ ਟੀਮਾਂ ਮੌਕੇ ਤੇ ਪਹੁੰਚੀਆਂ ਅਤੇ ਸਥਿਤੀ ਦਾ ਜਾਇਜ਼ਾ ਲਿਆ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਹਾਦਸਾ ਘਰ ਵਿੱਚ ਗੈਸ ਲੀਕ ਹੋਣ ਕਾਰਨ ਹੋਇਆ, ਜਿਸ ਕਾਰਨ ਸਲਿੰਡਰ ਫਟ ਗਿਆ। ਜ਼ਖਮੀਆਂ ਨੂੰ ਤੁਰੰਤ ਅਲਵਰ ਜ਼ਿਲ੍ਹਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਡਾਕਟਰਾਂ ਅਨੁਸਾਰ ਕੁਝ ਜ਼ਖਮੀਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਅਤੇ ਉਨ੍ਹਾਂ ਨੂੰ ਬਿਹਤਰ ਇਲਾਜ ਲਈ ਉੱਚ ਕੇਂਦਰਾਂ ਵਿੱਚ ਭੇਜਿਆ ਜਾਵੇਗਾ। ਹਾਦਸੇ ਵਿੱਚ ਜ਼ਖਮੀ ਹੋਏ ਸਾਰੇ ਲੋਕ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਨ, ਜੋ ਮਜ਼ਦੂਰੀ ਕਰਨ ਲਈ ਭਿਵਾੜੀ ਆਏ ਸਨ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਰੁਪਇਆ 32 ਪੈਸੇ ਡਿੱਗ ਕੇ ਅਮਰੀਕੀ ਡਾਲਰ ਦੇ ਮੁਕਾਬਲੇ 95.20 ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚਿਆ



**ਮੁੰਬਈ :** ਵੀਰਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿੱਚ ਰੁਪਇਆ 32 ਪੈਸੇ ਡਿੱਗ ਕੇ ਅਮਰੀਕੀ ਡਾਲਰ ਦੇ ਮੁਕਾਬਲੇ 95.20 ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ। ਕੱਚੇ ਤੇਲ ਦੀਆਂ ਉੱਚੀਆਂ ਕੀਮਤਾਂ ਅਤੇ ਮਜ਼ਬੂਤ ਅਮਰੀਕੀ ਡਾਲਰ ਨੇ ਘਰੇਲੂ ਮੁਦਰਾ 'ਤੇ ਦਬਾਅ ਵਧਾਇਆ। ਫਾਰੇਕਸ ਵਪਾਰੀਆਂ ਨੇ ਨੋਟ ਕੀਤਾ ਕਿ ਬ੍ਰੈਂਟ ਕਰੂਡ ਦੀਆਂ ਕੀਮਤਾਂ ਪ੍ਰਤੀ ਬੈਰਲ $122 ਦੇ ਆਸ-ਪਾਸ ਰਹਿੰਦੀਆਂ ਹਨ, ਜਿਸ ਨਾਲ ਭਾਰਤ ਦੇ ਆਯਾਤ ਬਿੱਲ ਵਿੱਚ ਸੰਭਾਵੀ ਵਾਧੇ ਬਾਰੇ ਚਿੰਤਾਵਾਂ ਵਧੀਆਂ ਹਨ। ਇਸ ਦੌਰਾਨ, ਮੱਧ ਪੂਰਬ ਵਿੱਚ ਸੰਭਾਵੀ ਵਿਆਪਕ ਟਕਰਾਅ ਦੇ ਡਰ ਨੇ ਨਿਵੇਸ਼ਕਾਂ ਦੀ ਚਿੰਤਾ ਵਧਾ ਦਿੱਤੀ ਹੈ, ਜੋ ਡਾਲਰ ਦੇ ਮੁਕਾਬਲੇ ਰੁਪਏ ਦੀ ਐਕਸਚੇਂਜ ਦਰ 'ਤੇ ਹੋਰ ਦਬਾਅ ਪਾ ਸਕਦਾ ਹੈ।

ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ, ਡਾਲਰ ਦੇ ਮੁਕਾਬਲੇ ਰੁਪਇਆ 95.01 'ਤੇ ਖੁੱਲ੍ਹਿਆ। ਸ਼ੁਰੂਆਤੀ ਕਾਰੋਬਾਰ ਵਿੱਚ, ਇਹ 95.20 ਪ੍ਰਤੀ ਡਾਲਰ ਦੇ ਰਿਕਾਰਡ ਹੇਠਲੇ ਪੱਧਰ 'ਤੇ ਡਿੱਗ ਗਿਆ, ਜੋ ਕਿ ਇਸਦੇ ਪਿਛਲੇ ਬੰਦ ਪੱਧਰ ਤੋਂ 32 ਪੈਸੇ ਦੀ ਗਿਰਾਵਟ ਨੂੰ ਦਰਸਾਉਂਦਾ ਹੈ। ਬੁੱਧਵਾਰ ਨੂੰ, ਰੁਪਇਆ 20 ਪੈਸੇ ਕਮਜ਼ੋਰ ਹੋ ਕੇ ਡਾਲਰ ਦੇ ਮੁਕਾਬਲੇ 94.88 ਦੇ ਰਿਕਾਰਡ ਹੇਠਲੇ ਪੱਧਰ 'ਤੇ ਬੰਦ ਹੋਇਆ ਸੀ। ਇਸ ਦੌਰਾਨ, ਡਾਲਰ ਸੂਚਕਾਂਕ - ਜੋ ਛੇ ਪ੍ਰਮੁੱਖ ਮੁਦਰਾਵਾਂ ਦੀ ਟੋਕਰੀ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਮਜ਼ਬੂਤੀ ਨੂੰ ਮਾਪਦਾ ਹੈ - 0.01 ਪ੍ਰਤੀਸ਼ਤ ਵਧ ਕੇ 98.96 'ਤੇ ਖੜ੍ਹਾ ਹੋਇਆ। ਘਰੇਲੂ ਇਕੁਇਟੀ ਬਾਜ਼ਾਰਾਂ ਵਿੱਚ, ਸ਼ੁਰੂਆਤੀ ਕਾਰੋਬਾਰ ਵਿੱਚ ਸੈਂਸੈਕਸ 821.79 ਅੰਕ ਡਿੱਗ ਕੇ 76,674.57 'ਤੇ ਆ ਗਿਆ, ਜਦੋਂ ਕਿ ਨਿਫਟੀ 287.3 ਅੰਕ ਡਿੱਗ ਕੇ 23,890.35 'ਤੇ ਆ ਗਿਆ। ਅੰਤਰਰਾਸ਼ਟਰੀ ਤੇਲ ਬੈਂਚਮਾਰਕ, ਬ੍ਰੈਂਟ ਕਰੂਡ, 3.16 ਪ੍ਰਤੀਸ਼ਤ ਵਧ ਕੇ $121.76 ਪ੍ਰਤੀ ਬੈਰਲ 'ਤੇ ਵਪਾਰ ਕਰਨ ਲਈ ਆਇਆ। ਸਟਾਕ ਮਾਰਕੀਟ ਦੇ ਅੰਕੜਿਆਂ ਦੇ ਅਨੁਸਾਰ, ਵਿਦੇਸ਼ੀ ਸੰਸਥਾਗਤ ਨਿਵੇਸ਼ਕ (FII) ਬੁੱਧਵਾਰ ਨੂੰ ਸ਼ੁੱਧ ਵਿਕਰੇਤਾ ਸਨ, ਜਿਨ੍ਹਾਂ ਨੇ 2,468.42 ਕਰੋੜ ਦੇ ਸ਼ੇਅਰ ਵੇਚੇ।

## ਬੈਂਗਲੁਰੂ ਵਿਚ ਭਾਰੀ ਮੀਂਹ ਕਾਰਨ ਡਿੱਗੀ ਹਸਪਤਾਲ ਦੀ ਕੰਧ, 7 ਲੋਕਾਂ ਦੀ ਹੋਈ ਮੌਤ

**ਨਵੀਂ ਦਿਲ਼ੀ।** ਬੈਂਗਲੁਰੂ ਵਿਚ ਭਾਰੀ ਮੀਂਹ ਦੌਰਾਨ ਇਕ ਹਸਪਤਾਲ ਦੀ ਕੰਧ ਡਿੱਗਣ ਨਾਲ ਸੱਤ ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਤਿੰਨ ਬੱਚੇ ਵੀ ਸ਼ਾਮਲ ਹਨ। ਜਦਕਿ ਸੱਤ ਜ਼ਖ਼ਮੀਆਂ ਨੂੰ ਬਚਾਇਆ ਗਿਆ। ਹਾਦਸੇ ਸਮੇਂ ਸੜਕ ਕਿਨਾਰੇ ਵਿਕਰੇਤਾ ਅਤੇ ਰਾਹਗੀਰ ਮਲਬੇ ਦੀ ਲਪੇਟ ਵਿੱਚ ਆ ਗਏ। ਬਚਾਅ ਟੀਮਾਂ ਨੇ ਮਲਬੇ ਹੇਠ ਫਸੇ ਕਈ ਲੋਕਾਂ ਨੂੰ ਬਾਹਰ ਕੱਢਿਆ। ਮੁੱਢਲੀ ਜਾਣਕਾਰੀ ਅਨੁਸਾਰ, ਭਾਰੀ ਬਾਰਿਸ਼ ਕਾਰਨ ਬੋਵਰਿੰਗ ਅਤੇ ਲੇਡੀ ਕਰਜ਼ਨ ਹਸਪਤਾਲ ਦੀ ਕੰਧ ਕਮਜ਼ੋਰ ਹੋ ਗਈ ਸੀ। ਹਾਲਾਂਕਿ, ਪ੍ਰਸ਼ਾਸਨ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਸਿੱਧਰਮਈਆ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਲਈ 5-5 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ



ਕੀਤਾ। ਉਪ ਮੁੱਖ ਮੰਤਰੀ ਡੀ.ਕੇ. ਸ਼ਿਵਕੁਮਾਰ ਵੀ ਮੌਕੇ 'ਤੇ ਪਹੁੰਚੇ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਦਾ ਭਰੋਸਾ ਦਿੱਤਾ। ਇਸ ਦੌਰਾਨ ਵਿਰੋਧੀ ਧਿਰ ਨੇ ਸਰਕਾਰ ਦੀ ਆਲੋਚਨਾ ਕੀਤੀ ਤੇ ਇਸ ਨੂੰ ਪ੍ਰਸ਼ਾਸਨਿਕ ਲਾਪਰਵਾਹੀ ਦੱਸਿਆ। ਮੌਕੇ 'ਤੇ ਮੌਜੂਦ ਇੱਕ ਰਾਹਗੀਰ ਨੇ ਦੱਸਿਆ ਕਿ ਹਾਦਸਾ ਇੰਨਾ ਭਿਆਨਕ ਸੀ ਕਿ ਲਾਸ਼ਾਂ ਮਲਬੇ ਹੇਠ ਦੱਬ ਗਈਆਂ ਤੇ ਕੁਝ ਲੋਕਾਂ ਨੂੰ ਆਪਣੀਆਂ ਲੱਤਾਂ ਵੀ ਗਵਾਉਣੀਆਂ ਪਈਆਂ।

# ਮੱਧ ਪ੍ਰਦੇਸ਼ ਵਿੱਚ ਪਿਕਅੱਪ ਗੱਡੀ ਪਲਟਣ ਕਾਰਨ 16 ਮੌਤਾਂ, ਮ੍ਰਿਤਕਾਂ ਵਿਚ 6 ਬੱਚੇ ਵੀ ਸ਼ਾਮਲ

## ਟਾਇਰ ਫਟਣ ਤੋਂ ਬਾਅਦ ਸਕਾਰਪੀਓ ਨਾਲ ਟਕਰਾਈ ਪਿਕਅੱਪ



**ਨਵੀਂ ਦਿਲ਼ੀ।** ਮੱਧ ਪ੍ਰਦੇਸ਼ ਦੇ ਧਾਰ ਵਿੱਚ ਲਗਭਗ 50 ਮਜ਼ਦੂਰਾਂ ਨਾਲ ਭਰਿਆ ਇੱਕ ਪਿਕਅੱਪ ਟਾਇਰ ਫਟਣ ਤੋਂ ਬਾਅਦ ਡਿਵਾਈਡਰ 'ਤੇ ਚੜ੍ਹ ਗਿਆ ਅਤੇ ਸੜਕ ਦੇ ਦੂਜੇ ਪਾਸੇ ਜਾ ਰਹੀ ਸਕਾਰਪੀਓ ਨਾਲ ਟਕਰਾ ਗਿਆ। ਹਾਦਸੇ ਵਿੱਚ ਸੋਲਾਂ ਲੋਕਾਂ ਦੀ ਮੌਤ ਹੋ ਗਈ ਅਤੇ 13 ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿੱਚ ਛੇ ਬੱਚੇ ਸ਼ਾਮਲ ਹਨ। ਇਹ ਹਾਦਸਾ ਬੁੱਧਵਾਰ ਰਾਤ ਨੂੰ ਲਗਭਗ 8:30 ਵਜੇ ਇੰਦੌਰ-ਅਹਿਮਦਾਬਾਦ ਰਾਸ਼ਟਰੀ ਰਾਜਮਾਰਗ 'ਤੇ ਚਿਕਲੀਆ ਫਾਟਾ ਵਿਖੇ ਜੀਓ ਪੈਟਰੋਲ ਪੰਪ ਦੇ ਨੇੜੇ ਵਾਪਰਿਆ। ਰਿਪੋਰਟਾਂ ਅਨੁਸਾਰ, ਪਿਕਅੱਪ ਦੀ ਗਤੀ ਲਗਭਗ 100 ਕਿਲੋਮੀਟਰ ਪ੍ਰਤੀ ਘੰਟਾ ਹੋ ਸਕਦੀ ਹੈ। ਮੁੱਖ ਮੰਤਰੀ ਡਾ. ਮੋਹਨ ਯਾਦਵ ਨੇ ਧਾਰ ਹਾਦਸੇ ਦੇ ਪੀੜਤਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ। ਉਨ੍ਹਾਂ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ, ਗੰਭੀਰ ਜ਼ਖ਼ਮੀਆਂ ਨੂੰ 1-1 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50,000 ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਇੰਦੌਰ ਡਿਵੀਜ਼ਨਲ ਕਮਿਸ਼ਨਰ ਅਤੇ ਇੰਸਪੈਕਟਰ ਜਨਰਲ ਨੂੰ ਇਲਾਜ ਦਾ ਪ੍ਰਬੰਧ ਕਰਨ ਲਈ ਧਾਰ ਜਾਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਾਰੇ ਜ਼ਖ਼ਮੀਆਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ। ਇੰਦੌਰ ਦੇ ਹਸਪਤਾਲਾਂ ਨੂੰ ਵੀ ਅਲਰਟ ਕਰ ਦਿੱਤਾ ਗਿਆ ਹੈ। ਧਾਰ ਦੇ ਇੰਚਾਰਜ ਮੰਤਰੀ ਕੈਲਾਸ਼ ਵਿਜੇਵਰਗੀਆ ਨੇ ਵੀ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਟਵਿੱਟਰ 'ਤੇ ਲਿਖਿਆ, "ਹਾਦਸੇ ਵਿੱਚ ਆਪਣੇ ਅਜ਼ੀਜ਼ਾਂ ਨੂੰ ਗੁਆਉਣ ਵਾਲੇ ਪਰਿਵਾਰਾਂ ਪ੍ਰਤੀ ਮੇਰੀ ਦਿਲੀ ਹਮਦਰਦੀ ਹੈ। ਮੈਂ ਜ਼ਖ਼ਮੀਆਂ ਦੇ ਜਲਦੀ ਠੀਕ ਹੋਣ ਦੀ ਪ੍ਰਾਰਥਨਾ ਕਰਦਾ ਹਾਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ (PMNRF) ਤੋਂ 2-2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50,000 ਰੁਪਏ ਪ੍ਰਤੀ ਪਰਿਵਾਰ ਦਿੱਤੇ ਜਾਣਗੇ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਬਲਾਚੌਰ ਪੁਲਿਸ ਵੱਲੋਂ 'ਤਹਿਤ ਵੱਡੀ ਸਫਲਤਾ 40 ਪੇਟੀਆਂ ਨਜਾਇਜ਼ ਸ਼ਰਾਬ ਸਮੇਤ ਇੱਕ ਕਾਬੂ



**ਬਲਾਚੌਰ 30 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਿੱਢੀ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਤਹਿਤ ਬਲਾਚੌਰ ਪੁਲਿਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਭਾਰੀ ਮਾਤਰਾ ਵਿੱਚ ਨਜਾਇਜ਼ ਸ਼ਰਾਬ ਸਮੇਤ ਇੱਕ ਤਸਕਰ ਨੂੰ ਗ੍ਰਿਫਤਾਰ ਕੀਤਾ ਗਿਆ। ਇਹ ਕਾਰਵਾਈ ਸੀਨੀਅਰ ਕਪਤਾਨ ਪੁਲਿਸ ਸ਼ਹੀਦ ਭਗਤ ਸਿੰਘ ਨਗਰ, ਸ਼੍ਰੀ ਤੁਸ਼ਾਰ ਗੁਪਤਾ ਅਤੇ ਉਪ ਕਪਤਾਨ ਪੁਲਿਸ ਬਲਾਚੌਰ, ਹੇਮੰਤ ਮਲਹੋਤਰਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਮਲ ਵਿੱਚ ਲਿਆਂਦੀ ਗਈ।ਥਾਣਾ ਬਲਾਚੌਰ ਦੇ ਮੁੱਖ ਅਫਸਰ ਸਬ-ਇੰਸਪੈਕਟਰ ਬਿਕਰਮ ਸਿੰਘ ਦੀ ਯੋਗ ਅਗਵਾਈ ਹੇਠ, ਏ ਐਸ ਆਈ ਸਿਕੰਦਰਪਾਲ ਅਤੇ ਪੁਲਿਸ ਪਾਰਟੀ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਦੋਸ਼ੀ ਗੁਰਪ੍ਰੀਤ ਸਿੰਘ ਵਾਸੀ ਲਧਾਣਾ ਝਿੱਕਾ ਥਾਣਾ ਸਦਰ ਬੰਗਾ ਨੂੰ ਕਾਬੂ ਕੀਤਾ ਗਿਆ।ਪੁਲਿਸ ਵੱਲੋਂ ਕੀਤੀ ਗਈ ਤਲਾਸ਼ੀ ਦੌਰਾਨ ਦੋਸ਼ੀ ਕੋਲੋਂ ਹੇਠ ਲਿਖੀ ਬਰਾਮਦਗੀ ਹੋਈ 432 ਬੋਤਲਾਂ ਸ਼ਰਾਬ ਮਾਰਕਾ 91 ਵਿਸਕੀ, ਸੇਲ ਫਾਰ ਚੰਡੀਗੜ੍ਹ ਦੋਸ਼ੀ ਵੱਲੋਂ ਲੁਕਾ ਕੇ ਰੱਖੀਆਂ 48 ਬੋਤਲਾਂ ਮਾਰਕਾ 999 ਵਿਸਕੀ, ਸੇਲ ਫਾਰ ਚੰਡੀਗੜ੍ਹ ਪਹਿਲਾਂ ਹੀ ਬਰਾਮਦ ਕੀਤੀਆਂ ਜਾ ਚੁੱਕੀਆਂ ਸਨ।ਦੋਸ਼ੀ ਪਾਸੋਂ ਹੁਣ ਤੱਕ ਕੁੱਲ 40 ਪੇਟੀਆਂ 480 ਬੋਤਲਾਂ ਚੰਡੀਗੜ੍ਹ ਮਾਰਕਾ ਸ਼ਰਾਬ ਬਰਾਮਦ ਕੀਤੀ ਗਈ ਹੈ।ਪੁਲਿਸ ਨੇ ਦੋਸ਼ੀ ਵਿਰੁੱਧ ਮੁਕੱਦਮਾ ਨੰਬਰ 45, ਮਿਤੀ 19.04.2026, ਅਧੀਨ ਧਾਰਾ 61-01-14 ਐਕਸਾਈਜ਼ ਐਕਟ ਤਹਿਤ ਥਾਣਾ ਬਲਾਚੌਰ ਵਿਖੇ ਮਾਮਲਾ ਦਰਜ ਕੀਤਾ ਹੈ। ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 02 ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਰਿਮਾਂਡ ਦੌਰਾਨ ਪੁਲਿਸ ਵੱਲੋਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਇਹ ਸ਼ਰਾਬ ਕਿੱਥੋਂ ਲਿਆਂਦੀ ਗਈ ਸੀ ਅਤੇ ਇਸ ਸਪਲਾਈ ਚੇਨ ਵਿੱਚ ਹੋਰ ਕੌਣ-ਕੌਣ ਸ਼ਾਮਲ ਹੈ।ਇਲਾਕੇ ਵਿੱਚ ਨਸ਼ਾ ਤਸਕਰਾਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਯੂਨੀਵਰਸਿਟੀ ਆਫ ਤੁਰਕੂ ਫ਼ਿੰਨਲੈਂਡ ਟ੍ਰੇਨਿੰਗ ਲਈ ਕਪੂਰਥਲਾ ਦੇ 4 ਅਧਿਆਪਕਾਂ ਦੀ ਚੋਣ









**ਕਪੂਰਥਲਾ,30 ਅਪ੍ਰੈਲ ( ਕੌੜਾ )-** ਪੰਜਾਬ ਸਕੂਲਜ਼ ਸਿੱਖਿਆ ਵਿਭਾਗ ਵੱਲੋਂ ਯੂਨੀਵਰਸਿਟੀ ਆਫ ਤੁਰਕੂ ਫ਼ਿੰਨਲੈਂਡ ਵਿਖੇ ਦੋ ਹਫ਼ਤਿਆ ਦੀ ਟ੍ਰੇਨਿੰਗ ਲਈ ਜਾ ਰਹੇ ਅਧਿਆਪਕਾਂ ਦੇ ਗਰੁੱਪ ਵਿੱਚ ਜਿਲ੍ਹਾ ਕਪੂਰਥਲਾ ਦੇ 4 ਅਧਿਆਪਕਾਂ ਦੀ ਹੋਈ ਚੋਣ ਨੂੰ ਲੈ ਕੇ ਜਿਲ੍ਹੇ ਭਰ ਦੇ ਅਧਿਆਪਕਾਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ। ਸਰਕਾਰੀ ਐਲੀਮੈਂਟਰੀ ਸਿੱਖਿਆ ਵਿਭਾਗ ਕਪੂਰਥਲਾ ਦੇ ਈ ਟੀ ਟੀ ਅਧਿਆਪਕਾ ਮੁਨੱਜਾ ਇਰਸ਼ਾਦ ਸਰਕਾਰੀ ਐਲੀਮੈਂਟਰੀ ਸਕੂਲ ਭੰਡਾਲ ਦੋਨਾਂ ( ਕਪੂਰਥਲਾ - 1) , ਈ ਟੀ ਟੀ ਅਧਿਆਪਕ ਕਰਮਜੀਤ ਗਿੱਲ ਸਰਕਾਰੀ ਐਲੀਮੈਂਟਰੀ ਸਕੂਲ ਇੱਬਣ (ਕਪੂਰਥਲਾ - 2), ਈ ਟੀ ਟੀ ਹਰਜਿੰਦਰ ਸਿੰਘ ਨਾਂਗਲੂ ਸਰਕਾਰੀ ਐਲੀਮੈਂਟਰੀ ਸਕੂਲ ਖਨੋਵਾਲ ( ਕਪੂਰਥਲਾ - 1) ਅਤੇ ਸੈਂਟਰ ਹੈਡ ਟੀਚਰ ਕੁਲਦੀਪ ਚੰਦ ਸਰਕਾਰੀ ਐਲੀਮੈਂਟਰੀ ਸਕੂਲ ਬੂਸੋਵਾਲ ( ਮਸੀਤਾਂ) ਆਦਿ ਦੀ ਯੂਨੀਵਰਸਿਟੀ ਆਫ ਤੁਰਕੂ ਫ਼ਿੰਨਲੈਂਡ ਵਿਖੇ ਦੋ ਹਫ਼ਤਿਆ ਦੀ ਟ੍ਰੇਨਿੰਗ ਲਈ ਹੋਈ ਚੋਣ ਉੱਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਹੋਇਆਂ ਜਿਲਾ ਸਿੱਖਿਆ ਅਫਸਰ (ਐਲੀਮੈਂਟਰੀ) ਕਪੂਰਥਲਾ ਮਮਤਾ ਬਜਾਜ, ਉੱਪ ਜਿਲਾ ਸਿੱਖਿਆ ਅਫਸਰ (ਐਲੀਮੈਂਟਰੀ) ਕਪੂਰਥਲਾ ਡਾਕਟਰ ਬਲਵਿੰਦਰ ਸਿੰਘ ਬੱਟੂ , ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਰਜੇਸ਼ ਕੁਮਾਰ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕਪੂਰਥਲਾ ਦੋ ਸੰਜੀਵ ਕੁਮਾਰ ਹਾਂਡਾ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਸੀਤਾਂ ਸ਼੍ਰੀ ਕਮਲਜੀਤ ਨੇ ਸਾਂਝੇ ਤੌਰ ਉੱਤੇ ਆਖਿਆ ਕਿ ਯੂਨੀਵਰਸਿਟੀ ਆਫ ਤੁਰਕੂ ਫ਼ਿੰਨਲੈਂਡ ਵਿਖੇ ਦੋ ਹਫ਼ਤਿਆ ਦੀ ਟ੍ਰੇਨਿੰਗ ਲਈ ਜਾ ਰਹੇ ਗਰੁੱਪ ਵਿੱਚ ਕਪੂਰਥਲਾ ਜਿਲ੍ਹੇ ਦੇ 4 ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਅਧਿਆਪਕਾਂ ਦੀ ਚੋਣ ਨਾਲ ਜਿਲੇ, ਰਾਜ ਅਤੇ ਦੇਸ਼ ਪੱਧਰ ਤੋਂ ਵੀ ਉੱਪਰ ਅੰਤਰ ਰਾਸ਼ਟਰੀ ਪੱਧਰ ਉੱਤੇ ਆਪਣਾ, ਆਪਣੇ ਮਾਪਿਆਂ ਅਤੇ ਆਪਣੇ ਕੇਡਰ ਦਾ ਨਾਂ ਚਮਕਾਇਆ ਹੈ । ਸਿੱਖਿਆ ਅਧਿਕਾਰੀਆਂ ਨੇ ਆਖਿਆ ਕਿ ਸਾਨੂੰ ਆਪਣੇ ਅਧਿਆਪਕਾਂ ਉੱਤੇ ਬੇਹਦ ਮਾਣ ਹੈ। ਅਧਿਆਪਕਾ ਮੁਨੱਜਾ ਇਰਸ਼ਾਦ ਭੰਡਾਲ ਦੋਨਾਂ,ਅਧਿਆਪਕ ਸ਼੍ਰੀ ਕਰਮਜੀਤ ਗਿੱਲ, ਇੱਬਣ ,ਅਧਿਆਪਕ ਹਰਜਿੰਦਰ ਸਿੰਘ ਨਾਂਗਲੂ ਖਨੋਵਾਲ ਅਤੇ ਅਤੇ ਸੈਂਟਰ ਹੈਡ ਟੀਚਰ ਕੁਲਦੀਪ ਚੰਦ ਬੂਸੋਵਾਲ ਆਦਿ ਦੀ ਯੂਨੀਵਰਸਿਟੀ ਆਫ ਤੁਰਕੂ ਫ਼ਿੰਨਲੈਂਡ ਵਿਖੇ ਦੋ ਹਫ਼ਤਿਆ ਦੀ ਟ੍ਰੇਨਿੰਗ ਲਈ ਜਾ ਰਹੇ ਅਧਿਆਪਕਾਂ ਦੇ ਗਰੁੱਪ ਵਿੱਚ ਹੋਈ ਚੋਣ ਉੱਤੇ ਸੈਂਟਰ ਹੈੱਡ ਟੀਚਰ ਸੰਤੋਖ ਸਿੰਘ ਮੱਲ੍ਹੀ ਭਾਣੋ ਲੰਗਾ, ਸੈਂਟਰ ਹੈੱਡ ਟੀਚਰ ਮੈਡਮ ਸਰਬਜੀਤ ਕੌਰ ਸਿੱਧਵਾਂ ਦੋਨਾਂ , ਸੈਂਟਰ ਹੈੱਡ ਟੀਚਰ ਮੈਡਮ ਨੀਰੂ ਬਾਲਾ ਬਲੇਹਰ ਖਾਨਪੁਰ , ਸੈਂਟਰ ਹੈੱਡ ਟੀਚਰ ਬਲਵੀਰ ਸਿੰਘ ਢਪਈ, ਸੈਂਟਰ ਹੈੱਡ ਟੀਚਰ ਜੈਮਲ ਸਿੰਘ ਸ਼ੇਖੂਪੁਰ, ਸੈਂਟਰ ਹੈੱਡ ਟੀਚਰ ਗੁਰਵਿੰਦਰ ਸਿੰਘ ਸੰਧੂ ਜਠਾ, ਸੈਂਟਰ ਹੈਡ ਟੀਚਰ ਰਜੇਸ਼ ਕੁਮਾਰ ਸ਼ੋਰੀ ਕਾਲਾ ਸੰਘਿਆ, ਹੈਡ ਟੀਚਰ ਜਗਤਾਰ ਸਿੰਘ ਮੰਡ ਖਾਨੋਵਾਲ , ਹੈੱਡ ਟੀਚਰ ਹਰਜਿੰਦਰ ਹੈਰੀ ਕੜਾਹਲ ਕਲਾਂ ਆਦਿ ਨੇ ਸਾਂਝੇ ਤੌਰ ਉੱਤੇ ਖੁਸ਼ੀ ਦਾ ਇਜ਼ਹਾਰ ਕੀਤਾ। ਜ਼ਿਕਰਯੋਗ ਹੈ ਕਿ 18 ਮਈ ਤੋਂ 29 ਮਈ,26 ਤੱਕ ਲਈ ਚੁਣੇ ਗਏ ਜ਼ਿਲ੍ਹਾ ਕਪੂਰਥਲਾ ਦੇ ਚਾਰ ਅਧਿਆਪਕ ਯੂਨੀਵਰਸਿਟੀ ਆਫ ਤੁਰਕੂ ਫ਼ਿੰਨਲੈਂਡ ਵਿਖੇ ਦੋ ਹਫ਼ਤਿਆ ਦੀ ਟ੍ਰੇਨਿੰਗ ਲਈ ਜਾ ਰਹੇ ਹਨ।

# ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਵੱਲੋ ਲਗਾਇਆ ਖੂਨਦਾਨ ਕੈਂਪ :- ਸਵਰਾਜ ਸਿੰਘ ਬਰਾੜ





**ਫ਼ਰੀਦਕੋਟ (ਸ਼ਿਵਨਾਥ)** ਅੱਜ ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਵੱਲੋ ਬਾਬਾ ਫ਼ਰੀਦ ਵਹੀਕਲ ਪਾਰਕ ਕਿਲਾਂ ਮੁਬਾਰਕ ਫ਼ਰੀਦਕੋਟ ਨੇੜੇ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਸਮੇ ਟਿੱਲਾ ਬਾਬਾ ਫਰੀਦ ਜੀ ਨਤਮ-ਸਤਕ ਹੋਣ ਆਈ ਸੰਗਤਾਂ ਵੱਲੋ ਖ਼ੂਨਦਾਨ ਕੀਤਾ ਗਿਆ। ਇਹ ਜਾਣਕਾਰੀ ਪ੍ਰੈਸ ਨਾਲ ਸੁਸਾਇਟੀ ਦੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਨੇ ਸਾਂਝੀ ਕੀਤੀ। ਓਨਾਂ ਕਿਹਾ ਬਲੱਡ ਬੈਂਕਾਂ 'ਚ ਆ ਰਹੀ ਖ਼ੂਨ ਦੀ ਕਮੀ ਨੂੰ ਦੇਖਦੇ ਹੋਏ , ਸਾਡੀ ਸੁਸਾਇਟੀ ਕੈਂਪ ਲਗਵਾਉਦੀ ਹੈ। ਓਨਾਂ ਨੇ ਕਿਹਾ ਜਿਵੇ ਜਿਵੇ ਮੌਸਮ ਵਿਚ ਤਬਦੀਲੀ ਆਉਦੀ ਹੈ , ਬਿਮਾਰੀਆਂ ਦਸਤਕ ਦਿੰਦੀਆਂ ਹਨ, ਬਲੱਡ ਬੈਂਕਾਂ ਅੰਦਰ ਬਲੱਡ ਦੀ ਮੰਗ ਵਧਦੀ ਹੈ। ਸੋ ਅਸੀ ਅਜੋਕੀ ਨੌਜਵਾਨ ਪੀੜੀ ਤੋ ਮੰਗ ਕਰਦੇ ਹਾਂ, ਓਹ ਬਲੱਡ ਬੈਂਕਾਂ ਤੇ ਖ਼ੂਨਦਾਨ ਕੈਂਪਾਂ ਵਿੱਚ ਪਹੁੰਚ ਕੇ ਵੱਧ ਤੋ ਵੱਧ ਖ਼ੂਨਦਾਨ ਕਰਨ ਤੇ ਮਨੁੱਖਤਾ ਦੀ ਭਲਾਈ ਵਿਚ ਹਿੱਸਾ ਪਾਉਣ।

ਇਸ ਸਮੇ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲ, ਸੁਖਵੀਰ ਸਿੰਘ ਸਕੱਤਰ, ਸਵਰਾਜ ਸਿੰਘ ਬਰਾੜ, ਨਿਸਾ ਕੌਰ, ਗੁਰਸੇਵਕ ਸਿੰਘ ਸਲਾਹਕਾਰ, ਸਤਨਾਮ ਸਿੰਘ ਖ਼ਜਾਨਚੀ, ਦਵਿੰਦਰ ਸਿੰਘ ਮੰਡ, ਗੁਰਪ੍ਰੀਤ ਸਿੰਘ ਭੋਲੂ, ਓਮਕਾਰ ਸਿੰਘ, ਸਾਗਰ , ਹਰਗੁਣ, ਚਮਕੌਰ ਸਿੰਘ ਪੱਖੀ ਕਲਾਂ ਅਤੇ ਸਿਵਲ ਹਸਪਤਾਲ ਫ਼ਰੀਦਕੋਟ ਦੇ ਬਲੱਡ ਬੈਂਕ ਦੀ ਟੀਮ ਵਿਚ ਡਾਂ. ਕਿਰਨਬੀਰ ਬੀ.ਟੀ.ਓ , ਡਾਂ ਸੋਨਮ ਡੀ.ਆਰ.ਪੀ , ਰਜੇਸ਼ ਕੁਮਾਰ ਤੇ ਕਿਰਨਜੀਤ ਕੌਰ ਐਮ.ਐਲ.ਟੀ , ਸੁਖਦੀਪ ਕੌਰ ਸਟਾਫ ਨਰਸਿੰਗ, ਗਗਨਦੀਪ ਕੌਰ ਵਾਰਡ ਅਟੈਂਡੈਂਟ ਆਦਿ ਹਾਜ਼ਰ ਸਨ।

# ਸਰਕਾਰੀ ਤੰਤਰ ਛੁੱਟੀ ਮਨਾਵੇਗਾ ਪਰ ਮਜ਼ਦੂਰ ਦਿਹਾੜੀ ਤੇ ਜਾਣਗੇ

**ਮਹਿਤਪੁਰ,30 ਅਪ੍ਰੈਲ (ਹਰਜਿੰਦਰ ਸਿੰਘ ਚੰਦੀ)-** ਇਕ ਮਈ ਭਾਵ ਮਜ਼ਦੂਰ ਦਿਵਸ ਹਰ ਸਾਲ ਦੀ ਤਰਾਂ ਇਸ ਵਾਰ ਵੀ ਮਜ਼ਦੂਰ ਦਿਵਸ ਦੀ ਸਰਕਾਰੀ ਛੁੱਟੀ ਹੋਵੇਗੀ। ਇਸ ਛੁੱਟੀ ਤੇ ਅਫ਼ਸਰਸ਼ਾਹੀ ਐਸ ਕਰੇਗੀ ਪਰ ਮਜ਼ਦੂਰ ਆਪਣੇ ਪਾਪੀ ਪੇਟ ਦੀ ਖਾਤਰ ਕੰਮ ਤੇ ਹੋਵੇਗਾ। ਸਾਡੇ ਦੇਸ਼ ਵਿੱਚ ਮਜ਼ਦੂਰ ਦਿਵਸ ਇਕ ਚਿੱਟਾ ਹਾਥੀ ਬਣ ਕੇ ਰਹਿ ਗਿਆ ਹੈ। ਇਸ ਦਿਨ ਮਜ਼ਦੂਰ ਤਾਂ ਇਕ ਪਾਸੇ ਬਾਲ ਮਜ਼ਦੂਰ ਸ਼ਰੇਆਮ ਢਾਬਿਆਂ, ਦੁਕਾਨਾਂ, ਰੇਹੜੀਆਂ ਤੇ ਕੰਮ ਕਰਦੇ ਮਿਲ ਜਾਣਗੇ। ਇਥੇ ਹੀ ਬੱਸ ਨਹੀਂ ਵੱਡੇ ਵੱਡੇ ਬੋਰੇ ਲਈ ਇਹ ਮਜ਼ਦੂਰ ਕਚਰੇ ਦੇ ਢੇਰ ਫਿਰੋਲਦੇ ਮਜ਼ਦੂਰ ਦਿਵਸ ਤੇ ਆਮ ਦੇਖੇ ਜਾ ਸਕਦੇ ਹਨ। ਇਨਾਂ ਦਿਨਾਂ ਵਿਚ ਮੰਡੀਆਂ ਵਿੱਚ ਕਣਕ ਦੀ ਪਰਚੇਜ ਦਾ ਕੰਮ ਨਿਪਟ ਗਿਆ ਹੈ। ਲਿਫਟਿੰਗ ਨਾ ਹੋਣ ਕਰਕੇ ਮਈ ਡੇ ਤੇ ਇਹ ਮਜ਼ਦੂਰ ਮੰਡੀਆਂ ਵਿੱਚ ਦਿਵਸ ਮਨਾਉਣ ਲਈ ਮਜਬੂਰ ਹੋਣਗੇ। ਮਜ਼ਦੂਰ ਦਿਵਸ ਹਰ ਸਾਲ ਭਾਰਤ ਵਿਚ ਮਨਾਇਆ ਜਾਂਦਾ ਹੈ। ਪਰ ਬਹੁਤੇ ਮਜ਼ਦੂਰਾ ਨੂੰ ਖੁਦ ਨੂੰ ਹੀ ਨਹੀਂ ਪਤਾ ਕਿ ਮਜ਼ਦੂਰ ਦਿਵਸ ਹੈ ਕੀ ਤੇ ਇਹ ਕਿਓਂ ਮਨਾਇਆ ਜਾਂਦਾ ਹੈ। ਕਿਉਂਕਿ ਆਮ ਮਜ਼ਦੂਰ ਮਜਦੂਰ ਦਿਵਸ ਤੇ ਮਜਬੂਰ ਹੋ ਕੇ ਕੰਮ ਕਰ ਰਹੇ ਹੁੰਦੇ ਹਨ ਤੇ ਏ ਸੀ ਕਮਰਿਆਂ ਵਿੱਚ ਬੈਠ ਕੇ ਨੋਕਰੀਆਂ ਕਰਨ ਵਾਲੇ ਹੁਕਮਰਾਨ ਮਜ਼ਦੂਰ ਦਿਵਸ ਦੀ ਛੁਟੀ ਦਾ ਅਨੰਦ ਮਾਣਦੇ ਹਨ।ਕੈਸਾ ਅਨੋਖਾ ਸਿਸਟਮ ਹੈ। ਪੂਰੇ ਦੇਸ਼ ਦੀ ਰੀੜ੍ਹ ਦੀ ਹੱਡੀ ਵੱਜੋਂ ਜਾਣਿਆ ਜਾਂਦਾ ਮਜ਼ਦੂਰ ਕਿਸੇ ਪੂੰਜੀਪਤੀ ਦੀ ਬਿਲਡਿੰਗ ਵਿਚ ਸੀਮੈਂਟ ਬਣਾ ਰਿਹਾ ਹੁੰਦਾ ਹੈ ਤੇ ਜਾਂ ਇਟਾ ਢੋਅ ਰਿਹਾ ਹੁੰਦਾ ਹੈ। ਕੁਝ ਵੀ ਹੋਵੇ ਪਰ ਇਹ ਹਕੀਕਤ ਹੈ ਕਿ ਮਜ਼ਦੂਰ ਦਿਵਸ ਦੀ ਛੁਟੀ ਦਾ ਅਨੰਦ ਹਰ ਸਾਲ ਮਜ਼ਦੂਰ ਦੇ ਨਾਮ ਤੇ ਕੋਈ ਹੋਰ ਹੀ ਲੁੱਟ ਜਾਂਦਾ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਰਮਨਦੀਪ ਸਿੰਘ ਥਿਆੜਾ ਨੂੰ ਆਕਸਫੋਰਡ ਯੂਨੀਵਰਸਿਟੀ ਵਿੱਚ ਕੀਤਾ ਗਿਆ ਸਨਮਾਨਿਤ

**ਮੈਂ ਪਹਿਲਾਂ ਵਾਂਗ ਸਮਾਜਿਕ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਰਹਾਗਾਂ :ਰਮਨਦੀਪ ਸਿੰਘ ਥਿਆੜਾ**



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਇਲਾਕੇ ਵਿੱਚ ਚੱਲ ਰਹੇ ਵਿਕਾਸ ਅਤੇ ਸਮਾਜਿਕ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਵਾਲੇ ਅਣਥੱਕ ਨੌਜਵਾਨ ਅਤੇ ਉੱਘੇ ਸਮਾਜ ਸੇਵੀ ਸਵਰਗੀ ਸਰਦਾਰ ਰੇਸ਼ਮ ਸਿੰਘ ਥਿਆੜਾ ਦੇ ਸਪੁੱਤਰ ਰਮਨ ਦੀਪ ਸਿੰਘ ਥਿਆੜਾ ਨੂੰ ਆਕਸਫੋਰਡ ਯੂਨੀਵਰਸਿਟੀ ਦੇ ਕਿੰਬਰਲੀ ਕਾਲਜ਼ ਵਿਖੇ ਕਰਵਾਏ ਗਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ ।ਇਹ ਸਨਮਾਨ ਇੰਗਲੈਂਡ ਦੇ ਸਾਬਕਾ ਵਿਦੇਸ਼ ਮੰਤਰੀ ਲਾਰਡ ਇਵਨ ਅਤੇ ਪੰਜਾਬੀ ਮੂਲ ਦੇ ਪਹਿਲੇ ਬ੍ਰਿਟਿਸ਼ ਸਾਂਸਦ ਮੈਂਬਰ ਵਰਿੰਦਰ ਸ਼ਰਮਾ ਅਤੇ ਲੀਡਸ ਦੀ ਮੇਅਰ ਵਲੋਂ ਸਾਂਝੇ ਤੌਰ ਤੇ ਦਿੱਤਾ ਗਿਆ ਹੈ। ਸਰਦਾਰ ਰਮਨਦੀਪ ਸਿੰਘ ਥਿਆੜਾ ਨੂੰ ਇਹ ਸਨਮਾਨ ਮਿਲਣ ਤੇ ਜ਼ਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਅਤੇ ਪਿੰਡਾਂ ਵਿੱਚ ਡਾਢੀ ਖੁਸ਼ੀ ਮਨਾਈ ਜਾ ਰਹੀ ਹੈ। ਰਮਨਦੀਪ ਸਿੰਘ ਥਿਆੜਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈ ਆਪਣੇ ਪਿਤਾ ਜੀ ਵਾਂਗ ਚਲਾਏ ਜਾ ਰਹੇ ਵਿਕਾਸ ਅਤੇ ਸਮਾਜਿਕ ਕਾਰਜਾਂ ਵਿੱਚ ਪਹਿਲਾ ਵਾਂਗ ਹਿੱਸਾ ਲੈਂਦਾ ਰਹਾਗਾਂ ਤਾ ਕੇ ਲੋਕਾਂ ਵਲੋਂ ਇਸੇ ਤਰ੍ਹਾਂ ਪਿਆਰ ਮਿਲਦਾ ਰਹੇ।

ਸਮਾਜ ਵੀਕਲੀ ਨਿਊਜ਼

# ਇੰਗਲੈਂਡ ’ਚ ਪੰਥ ਪ੍ਰਸਿੱਧ ਕਵੀਸਰ ਮਨਜੀਤ ਸਿੰਘ ਸੋਹੀ ਦਾ ਵਿਸ਼ੇਸ਼ ਸਨਮਾਨ



ਕਵੀਸਰ ਮਨਜੀਤ ਸਿੰਘ ਸੋਹੀ ਦੇ ਜਥੇ ਦਾ ਸਨਮਾਨ ਕਰਦੇ ਹੋਏ ਵੱਖ ਵੱਖ ਸਿੱਖ ਸੰਸਥਾਵਾਂ ਦੇ ਆਗੂ,ਤਸਵੀਰ :-ਸੁਖਜਿੰਦਰ ਸਿੰਘ ਢੱਡੇ

**ਲੈਸਟਰ(ਇੰਗਲੈਂਡ ), 30 ਅੰਪ੍ਰੈਲ (ਸੁਖਜਿੰਦਰ ਸਿੰਘ ਢੱਡੇ)--** ਪੰਥ ਪ੍ਰਸਿੱਧ ਕਵੀਸਰ ਮਨਜੀਤ ਸਿੰਘ ਸੋਹੀ ਅਤੇ ਦਲਬੀਰ ਸਿੰਘ ਦਾ ਇੰਗਲੈਂਡ ਦੌਰੇ ਦੌਰਾਨ ਵੱਖ-ਵੱਖ ਪੰਥਕ ਜਥੇਬੰਦੀਆਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਧਾਨ ਗੁਰਨਾਮ ਸਿੰਘ ਨਵਾਂਸ਼ਹਿਰ, ਗੁਰਦੁਆਰਾ ਸ੍ਰੀ ਦਸਮੇਸ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਸੁਖਚੈਨ ਸਿੰਘ, ਮੰਗਤ ਸਿੰਘ ਪਲਾਹੀ, ਸੀਤਲ ਸਿੰਘ ਗਿੱਲ, ਜਲਵੰਤ ਸਿੰਘ ਢੱਡੇ ਅਤੇ ਰਣਜੀਤ ਸਿੰਘ ਵੱਲੋਂ ਸਾਂਝੇ ਤੌਰ ’ਤੇ ਕਵੀਸਰ ਸੋਹੀ ਨੂੰ ਸਿਰੋਪਾ ਤੇ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆ ਵੱਖ-ਵੱਖ ਆਗੂਆਂ ਨੇ ਕਿਹਾ ਕਿ ਮਨਜੀਤ ਸਿੰਘ ਸੋਹੀ ਨੇ ਆਪਣੀ ਕਵਿਸ਼ਰੀ ਰਾਹੀਂ ਸਿੱਖ ਇਤਿਹਾਸ, ਗੁਰੂ ਸਾਹਿਬਾਨਾਂ ਦੀ ਮਹਾਨ ਬਾਣੀ ਅਤੇ ਸ਼ਹੀਦਾਂ ਦੀ ਕੁਰਬਾਨੀ ਨੂੰ ਬੜੇ ਸੁੰਦਰ ਢੰਗ ਨਾਲ ਲੋਕਾਂ ਤੱਕ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਕਲਾਕਾਰ ਪੰਥ ਦੀ ਵੱਡੀ ਧਰੋਹਰ ਹਨ, ਜਿਨ੍ਹਾਂ ਦੀ ਕਲਾ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਦੀ ਹੈ ਅਤੇ ਪੰਥਕ ਚੇਤਨਾ ਨੂੰ ਮਜ਼ਬੂਤ ਕਰਦੀ ਹੈ। ਸਨਮਾਨ ਸਮਾਰੋਹ ਦੌਰਾਨ ਕਵੀਸਰ ਮਨਜੀਤ ਸਿੰਘ ਸੋਹੀ ਨੇ ਆਪਣੀ ਕਵਿਸ਼ਰੀ ਰਾਹੀਂ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਿੱਖ ਇਤਿਹਾਸ ਦੇ ਵੱਖ-ਵੱਖ ਪੱਖਾਂ ’ਤੇ ਰੋਸ਼ਨੀ ਪਾਈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਆਪਣੀ ਮਾਤ ਭਾਸ਼ਾ ਅਤੇ ਧਾਰਮਿਕ ਵਿਰਸੇ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਹਨ, ਜੋ ਪੰਥ ਲਈ ਹੌਸਲਾ ਅਫਜ਼ਾਈ ਵਾਲੀ ਗੱਲ ਹੈ।

### ਸੋਹੀ ਨੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਪੰਜਾਬ ਲਿਜਾਣਕੇ ਜਲ ਪ੍ਰਵਾਹ ਕਰਨ ਲਈ ਯੂ. ਕੇ ਸਰਕਾਰ ਨਾਲ ਤਾਲਮੇਲ ਕਰਨ ਦੀ ਕੀਤੀ ਅਪੀਲ

ਇਸ ਦੌਰਾਨ ਕਵੀਸਰ ਸੋਹੀ ਵੱਲੋਂ ਇੰਗਲੈਂਡ ਵਿੱਚ ਸਿੱਖ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਦੀ ਸਮਾਧ ’ਤੇ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਇਸ ਮੌਕੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦਿਆਂ ਕਿਹਾ ਕਿ ਦੋਵੇਂ ਸੰਸਥਾਵਾਂ ਮਿਲ ਕੇ ਯੂਕੇ ਸਰਕਾਰ ਨਾਲ ਤਾਲਮੇਲ ਕਰਕੇ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਪੰਜਾਬ ਲਿਜਾਣ ਲਈ ਯਤਨ ਕਰਨ। ਉਨ੍ਹਾਂ ਕਿਹਾ ਕਿ ਅਸਥੀਆਂ ਨੂੰ ਸਿੱਖ ਰੀਤ-ਰਿਵਾਜਾਂ ਅਨੁਸਾਰ ਜਲ ਪ੍ਰਵਾਹ ਕੀਤਾ ਜਾਣਾ ਚਾਹੀਦਾ ਹੈ ਅਤੇ ਮਹਾਰਾਜਾ ਦੀ ਯਾਦ ਵਿੱਚ ਇਕ ਯਾਦਗਾਰ ਵੀ ਤਿਆਰ ਕੀਤੀ ਜਾਣੀ ਚਾਹੀਦੀ ਹੈ, ਤਾ ਜੋ ਆਉਣ ਵਾਲੀ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਜਾ ਸਕੇ,ਅਤੇ ਆਪਣੇ ਮਹਾਨ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ, ਉਨ੍ਹਾਂ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਸਿੱਖ ਰਾਜ ਦੀ ਅਹਿਮ ਸ਼ਖਸੀਅਤ ਰਹੇ ਹਨ ਅਤੇ ਉਨ੍ਹਾਂ ਦੀ ਯਾਦ ਨੂੰ ਸੰਭਾਲਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

# ਨਰਿੰਦਰ ਪਾਲ ਸਿੰਘ ਥਰੀਕੇ ਦੀ ਪੂਜਨਿਕ ਮਾਤਾ ਚਰਨ ਕੌਰ ਗੁਰੂ ਚਰਨਾਂ ਵਿੱਚ ਜਾ ਬਿਰਾਜੇ, ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਨੇ ਦੁੱਖ ਸਾਂਝਾ ਕੀਤਾ



**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਸਰਦਾਰਨੀ ਚਰਨਜੀਤ ਕੌਰ ਜੋ ਕਿ ਸਕੱਤਰ ਸਾਫ ਟੈਨਿਸ ਐਸੋਸੀਏਸ਼ਨ ਪੰਜਾਬ ਨਰਿੰਦਰ ਪਾਲ ਸਿੰਘ ਦੀ ਮਾਤਾ ਸਨ, ਜੋ ਕਿ 22.4.2026 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਕੋਰ ਕਮੇਟੀ ਮੈਂਬਰ ਡਾ. ਰੁਪਿੰਦਰ ਸਿੰਘ ਸੁਧਾਰ, ਹਰਦੇਵ ਸਿੰਘ ਬੋਪਾਰਾਏ, ਰੇਸ਼ਮ ਸਿੰਘ ਰਿਟਾਇਰਡ ਪੀ ਐਨ ਬੀ ਮੈਨੇਜਰ, ਸ. ਗੁਰਪ੍ਰੀਤ ਸਿੰਘ ਰਤਨ ਰਿਟਾਇਰਡ A D O, ਸ.ਗੁਰਚਰਨ ਸਿੰਘ ਈ ਟੀ ਓ , ਡਾ. ਸੁਖਰਾਜ ਸਿੰਘ ਥਰੀਕੇ, ਦਲਜੀਤ ਸਿੰਘ ਥਰੀਕੇ, ਕੁਲਦੀਪ ਸਿੰਘ ਜੇ ਈ ਨੇ ਨਰਿੰਦਰ ਪਾਲ ਸਿੰਘ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿੰਦਰ ਬੁਢੇਲ, ਬੂਟਾ ਸਿੰਘ ਦਾਦ, ਮਨਜੀਤ ਸਿੰਘ ਹਸਨਪੁਰ, ਚਮਕੌਰ ਸਿੰਘ ਦਾਦ, ਗੁਰਮੁਖ ਸਿੰਘ ਚੰਗਣ, ਸਰਦਾਰ ਗੁਰਮੀਤ ਸਿੰਘ ਚੰਗਣ, ਸੁਖਦੇਵ ਸਿੰਘ ਹੈਪੀ, ਗੁਰਮੇਲ ਸਿੰਘ ਪੰਡੋਰੀ, ਸਿਕੰਦਰ ਸਿੰਘ ਮੁੱਲਾਪੁਰ, ਤਰਲੋਕ ਸਿੰਘ ਮੁੱਲਾਪੁਰ ਹਾਜ਼ਰ ਸਨ । ਉਹਨਾਂ ਦੇ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਸਹਿਜ ਪਾਠ ਜੀ ਦਾ ਭੋਗ ਅਤੇ ਅੰਤਿਮ ਅਰਦਾਸ 1 ਮਈ ਦਿਨ ਸ਼ੁਕਰਵਾਰ ਨੂੰ ਗੁਰਦੁਆਰਾ ਸ੍ਰੀ ਅਤਰਸਰ ਸਾਹਿਬ ਪਿੰਡ ਥਰੀਕੇ ਨੇੜੇ ਸਰਕਾਰੀ ਸਕੂਲ ਲੁਧਿਆਣਾ ਵਿਖੇ ਦੁਪਹਿਰ 12.30 ਤੋਂ 01.30 ਵਜੇ ਤੱਕ ਹੋਵੇਗੀ।

ਸਮਾਜ ਵੀਕਲੀ ਨਿਊਜ਼

# ਬਿਜਲੀ ਕੱਟਾਂ ਦੇ ਵਿਰੋਧ ਵਿੱਚ ਅਕਾਲੀ ਦਲ ਵੱਲੋਂ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ

**ਆਪ ਸਰਕਾਰ ਦੇ ਮਾੜੇ ਪ੍ਰਬੰਧਾਂ ਕਾਰਨ ਬਿਜਲੀ ਸੰਕਟ ਹੋਇਆ ਖੜ੍ਹਾ : ਲਾਲੀ ਬਾਜਵਾ, ਤਲਵਾੜ**

**ਹੁਸ਼ਿਆਰਪੁਰ 30 ਅਪ੍ਰੈਲ ( ਤਰਸੇਮ ਦੀਵਾਨਾ )** - ਸੂਬੇ ਭਰ ਵਿੱਚ ਲੱਗ ਰਹੇ ਬਿਜਲੀ ਕੱਟਾਂ ਦੇ ਵਿਰੋਧ ਵਿੱਚ ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੇ ਗਏ ਰੋਸ ਪ੍ਰਦਰਸ਼ਨਾਂ ਦੀ ਕੜੀ ਤਹਿਤ ਹੁਸ਼ਿਆਰਪੁਰ ਵਿੱਚ ਜਤਿੰਦਰ ਸਿੰਘ ਲਾਲੀ ਬਾਜਵਾ ਸ਼ਹਿਰੀ ਪ੍ਰਧਾਨ ਅਤੇ ਸੀਨੀਅਰ ਮੀਤ ਪ੍ਰਧਾਨ ਦੀ ਅਗਵਾਈ ਹੇਠ ਅਕਾਲੀ ਦਲ ਵੱਲੋਂ ਆਪ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ, ਇਸ ਮੌਕੇ ਸਾਬਕਾ ਸੰਸਦ ਮੈਂਬਰ ਵਰਿੰਦਰ ਸਿੰਘ ਬਾਜਵਾ ਤੇ ਹੁਸ਼ਿਆਰਪੁਰ ਹਲਕੇ ਦੇ ਇੰਚਾਰਜ ਸੰਜੀਵ ਤਲਵਾੜ ਵੀ ਵਿਸ਼ੇਸ਼ ਤੌਰ ’ਤੇ ਮੌਜੂਦ ਰਹੇ। ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦੇ ਹੋਏ ਲਾਲੀ ਬਾਜਵਾ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਨੂੰ ਬਿਜਲੀ ਪੱਖੋ ਸਰਪਲੱਸ ਸੂਬਾ ਬਣਾਉਣ ਵਿੱਚ ਉਸ ਸਮੇਂ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਬਾਦਲ ਵੱਲੋਂ ਅਹਿਮ ਰੋਲ ਅਦਾ ਕੀਤਾ ਗਿਆ ਸੀ ਲੇਕਿਨ ਸੂਬੇ ਦੀ ਮੌਜੂਦਾ ਆਪ ਸਰਕਾਰ ਦੇ ਬੁਰੇ ਪ੍ਰਬੰਧਾਂ ਕਾਰਨ ਅੱਜ ਪੰਜਾਬ ਵਿੱਚ ਵੱਡਾ ਬਿਜਲੀ ਸੰਕਟ ਖੜ੍ਹਾ ਹੋ ਗਿਆ ਹੈ। ਲਾਲੀ ਬਾਜਵਾ ਅਤੇ ਸੰਜੀਵ ਤਲਵਾੜ ਨੇ ਕਿਹਾ ਕਿ

ਸਮਾਜ ਵੀਕਲੀ ਨਿਊਜ਼



ਸੂਬੇ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਿਵਾਏ ਚੁਟਕਲਿਆਂ ਤੋਂ ਹੋਰ ਕੁਝ ਵੀ ਨਹੀਂ ਜਾਣਦਾ, ਲੋਕਾਂ ਦੇ ਮੁੱਦਿਆਂ ਨੂੰ ਕਿਵੇਂ ਹੱਲ ਕਰਨਾ ਹੈ ਅਤੇ ਕਿਸ ਤਰ੍ਹਾਂ ਸਰਕਾਰੀ ਪ੍ਰਬੰਧ ਨੂੰ ਚਲਾ ਕੇ ਲੋਕਾਂ ਤੱਕ ਸਹੂਲਤਾਂ ਪੁੱਜਦੀਆਂ ਕਰਨੀਆਂ ਹਨ ਇਸ ਮਾਮਲੇ ਵਿੱਚ ਮੌਜੂਦਾ ਸਰਕਾਰ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜਿਹੜੀਆਂ ਗੱਲਾਂ ਕਰਕੇ ਆਮ ਆਦਮੀ ਪਾਰਟੀ ਨੇ 2022 ਵਿੱਚ ਸਰਕਾਰ ਬਣਾਈ ਸੀ ਉਹ ਗੱਲਾਂ ਇਸ ਸਰਕਾਰ ਦੇ ਮੰਤਰੀ ਤੇ ਵਿਧਾਇਕ ਭੁੱਲ ਚੁੱਕੇ ਹਨ, ਮੌਜੂਦਾ ਸਮੇਂ ਬੱਸ ਇੱਕ ਹੀ ਕੰਮ ਚੱਲ ਰਿਹਾ ਹੈ ਤੇ ਉਹ ਹੈ ਸੂਬੇ ਨੂੰ ਲੁੱਟ ਕੇ ਦਿੱਲੀ ਵਾਲਿਆਂ ਦੀਆਂ ਜੇਬ੍ਹਾਂ ਭਰਨ ਦਾ। ਇਸ ਸਮੇਂ ਸੰਜੀਵ ਤਲਵਾੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਮੁੱਚੀ ਸੂਬਾ ਸਰਕਾਰ ਫੇਲ ਹੋ ਚੁੱਕੀ ਹੈ, ਇਸ ਸਰਕਾਰ ਦੇ ਕਿਸ ਮੰਤਰੀ-ਵਿਧਾਇਕ ਨੇ ਕਦੋਂ ਸਰਕਾਰ ਛੱਡ ਕੇ ਭੱਜ ਜਾਣਾ ਹੈ ਇਹ ਉਨ੍ਹਾਂ ਨੂੰ ਖੁੱਦ ਵੀ ਨਹੀਂ ਪਤਾ ਕਿਉਂਕਿ ਭ੍ਰਿਸ਼ਟਾਚਾਰ ਵਿੱਚ ਡੁੱਬੀ ਇਸ ਸਰਕਾਰ ਦੇ ਵਿਧਾਇਕਾਂ ਤੇ ਮੰਤਰੀਆਂ ਦਾ ਕੋਈ ਸਿਰ ਪੈਰ ਨਹੀਂ ਹੈ ਤੇ ਇਹੀ ਕਾਰਨ ਹੈ ਕਿ ਅੱਜ ਹਰ ਖੇਤਰ ਵਿੱਚ ਸਰਕਾਰ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ। ਇਸ ਮੌਕੇ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਹਰਸਿਮਰਨ ਸਿੰਘ ਬਾਜਵਾ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ , ਰਵਿੰਦਰਪਾਲ ਮਿੰਟੂ, ਆਦਿ ਵੀ ਮੌਜੂਦ ਸਨ।

# ਪੰਜਾਬ ਦੀ ਆਪ ਸਰਕਾਰ ਚੰਦ ਦਿਨਾ ਦੀ ਪ੍ਰਾਉਣੀ : ਕਾਮਰੇਡ ਸੁਖਵਿੰਦਰ ਸਿੰਘ ਸੇਖੋਂ

## ਪਿੰਡ ਗੋਰਸੀਆਂ ਖਾਨ ਮਹੁੰਮਦ ਦੇ ਸਰਪੰਚ ਤੇ ਹਮਲਾ ਕਰਨ ਵਾਲਿਆਂ ਤੇ ਜਲਦੀ ਹੋਵੇਗੀ ਕਾਨੂੰਨੀ ਕਾਰਵਾਈ

**ਚੰਡੀਗੜ੍ਹ, ਅਪ੍ਰੈਲ !ਗੁਰਭਿੰਦਰ ਗੁਰੀ** ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਆਗੂ ਪਿੰਡ ਗੋਰਸੀਆ ਖਾਨ ਮਹੁੰਮਦ ਦੇ ਸਰਪੰਚ ਜਗਦੇਵ ਸਿੰਘ,ਉਨ੍ਹਾ ਦੇ ਸਪੁੱਤਰ ਗੁਰਸਿੱਖ ਗੁਰਦੀਪ ਸਿੰਘ, ਅਤੇ ਉਨ੍ਹਾ ਦੇ ਨਜਦੀਕੀ ਸਾਥੀਆ ਤੇ ਆਮ-ਆਦਮੀ ਪਾਰਟੀ ਦੇ ਵਿਅਕਤੀਆ ਵੱਲੋ ਜਾਨਲੇਵਾ ਹਮਲਾ ਕੀਤਾ ਗਿਆ ਸੀ,ਪਰ ਪੰਜਾਬ ਦੀ ਆਪ ਸਰਕਾਰ ਦੇ ਚਹੇਤੇ ਹੋਣ ਕਰਕੇ ਥਾਣਾ ਸਿੱਧਵਾ ਬੇਟ ਦੀ ਪੁਲਿਸ ਨੇ ਹਮਲਾ ਕਰਨ ਵਾਲਿਆ ਖਿਲਾਫ ਕੋਈ ਵੀ ਕਾਰਵਾਈ ਨਹੀ ਕੀਤੀ।ਇਸ ਸਬੰਧੀ ਅੱਜ ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਪੁਲਿਸ ਦੇ ਉੱਚ ਅਧਿਕਾਰੀਆ ਨਾਲ ਮੀਟਿੰਗ ਕਰਕੇ ਕਾਨੂੰਨੀ ਕਾਰਵਾਈ ਕਰਵਾਉਣ ਦੀ ਮੰਗ ਕੀਤੀ।ਇਸ ਮੌਕੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਪੱਤਰਕਾਰਾ ਨੂੰ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਚੰਦ ਦਿਨਾ ਦੀ ਪ੍ਰਾਉਣੀ ਹੈ ਅਤੇ ਸੂਬੇ ਵਿਚ ਮਨਮਰਜੀ ਕਰ ਰਹੀ ਹੈ।ਉਨ੍ਹਾ ਕਿਹਾ ਕਿ ਅੱਜ ਸੂਬਾ ਸਰਕਾਰ ਦੇ ਚਹੇਤਿਆ ਦਾ ਰੇਤੇ ਤੇ ਕਬਜਾ ਹੈ ਅਤੇ ਪੰਜਾਬ ਵਿਚ ਚਿੱਟਾ ਸਰੇਆਮ ਵਿਕ ਰਿਹਾ ਹੈ।ਉਨ੍ਹਾ ਕਿਹਾ ਕਿ ਰੇਤੇ ਦੀਆ ਖੱਡਾ ਦੀ ਨਿਸਾਨਦੇਹੀ ਨੂੰ ਲੈ ਕੇ ਜੇਕਰ ਮਿਹਨਤਕਸ



ਲੋਕ ਆਪਣੇ ਹੱਕ ਦੀ ਗੱਲ ਕਰਦੇ ਹਨ ਤਾਂ ਉਨ੍ਹਾ ਨੂੰ ਆਪ ਆਗੂਆ ਵੱਲੋ ਡਰਾਇਆ-ਧਮਕਾਇਆ ਜਾਦਾ ਹੈ।ਇਸ ਮੌਕੇ ਉਨ੍ਹਾ ਨੂੰ ਪੁਲਿਸ ਦੇ ਉੱਚ ਅਧਿਕਾਰੀਆ ਨੇ ਵਿਸਵਾਸ ਦਿਵਾਇਆ ਕਿ ਜਲਦੀ ਹੀ ਦੋਸੀਆ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਬਲਜੀਤ ਸਿੰਘ ਗੋਰਸੀਆ,ਜਿਲ੍ਹਾ ਸਕੱਤਰ ਬਲਜੀਤ ਸਿੰਘ ਸਾਹੀ ਅਤੇ ਸੂਬਾ ਮੀਤ ਪ੍ਰਧਾਨ ਹਰਪਾਲ ਸਿੰਘ ਭੈਣੀ ਦਰੇੜਾ ਨੇ ਕਿਹਾ ਕਿ ਜੇਕਰ ਦੋਸੀਆ ਖਿਲਾਫ ਦਸ ਦਿਨ ਦੇ ਅੰਦਰ-ਅੰਦਰ ਕਾਰਵਾਈ ਨਹੀ ਹੁੰਦੀ ਤਾਂ ਸੰਘਰਸ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਅੰਤ ਵਿਚ ਕਾਮਰੇਡ ਬਲਜੀਤ ਸਿੰਘ ਗੋਰਸੀਆ ਨੇ ਸਮੂਹ ਆਗੂਆ ਅਤੇ ਵਰਕਰਾ ਦਾ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾ ਕਾਮਰੇਡ ਪਾਲ ਸਿੰਘ ਭੰਮੀਪੁਰਾ, ਕਾਮਰੇਡ ਬੂਟਾ ਸਿੰਘ ਹਾਂਸ, ਕਾਮਰੇਡ ਜਗਜੀਤ ਸਿੰਘ ਡਾਗੀਆ, ਸਰਪੰਚ ਜਗਦੇਵ ਸਿੰਘ ਗੋਰਸੀਆ,ਗੁਰਦੀਪ ਸਿੰਘ ਖਾਲਸਾ, ਬਲਵਿੰਦਰ ਸਿੰਘ,ਸਰਪੰਚ ਤੇਜਾ ਸਿੰਘ ਬੜੈਚ,ਸਾਬਕਾ ਪੰਚ ਕੁਲਦੀਪ ਕੌਰ,ਪ੍ਰਕਾਸ ਕੌਰ,ਬਲਵੀਰ ਕੌਰ,ਸੁਰਜੀਤ ਕੌਰ,ਜੋਗਿੰਦਰ ਸਿੰਘ,ਕਰਤਾਰ ਸਿੰਘ ਖੈਹਰਾ ਬੇਟ, ਜਸਵੀਰ ਸਿੰਘ ਆਦਿ ਹਾਜ਼ਰ ਸਨ।

# ਗੌਰਮਿੰਟ ਟੀਚਰ ਯੂਨੀਅਨ ਨੇ 100 ਫੀਸਦੀ ਅਧਿਆਪਕਾਂ ਦੀਆਂ ਡਿਊਟੀਆਂ ਮਰਦਮਸ਼ੁਮਾਰੀ -2027 ਵਿੱਚ ਲੱਗਣ ਤੇ ਲਿਆ ਸਖਤ ਨੋਟਿਸ

**● ਜਿਲ੍ਹੇ ਦੇ ਸਾਰੇ ਸਕੂਲਾਂ ਨੂੰ ਪ੍ਰਸ਼ਾਸਨ ਨੇ ਕੀਤਾ ਖਾਲੀ ● ਸਰਵੇ ਸੈਂਟਰ ਦਾ ਪ੍ਰੰਤੂ ਸੈਂਟਰ ਦਾ ਕੋਈ ਵੀ ਕਰਮਚਾਰੀ ਨਹੀਂ ਲਗਾਇਆ ਗਿਆ ਡਿਊਟੀ ਤੇ - ਵੜੈਚ, ਬੱਧਨ ● ਪਿੰਡਾਂ ਦੀਆਂ ਪੰਚਾਇਤਾਂ ਤੇ ਐਸ ਐਮ ਸੀ ਕਮੇਟੀਆਂ ਕਰਨਗੀਆਂ ਅਧਿਕਾਰੀਆਂ ਦੇ ਦਫਤਰਾਂ ਦਾ ਘੇਰਾਓ**

**ਕਪੂਰਥਲਾ, 30 ਅਪ੍ਰੈਲ ( ਵਿਸ਼ੇਸ ਪ੍ਰਤੀਨਿਧ)-** ਗੋਰਮਿੰਟ ਟੀਚਰਜ਼ ਯੂਨੀਅਨ ਦੁਆਰਾ ਮਰਦਮਸ਼ੁਮਾਰੀ -2027 ਲਈ ਸਕੂਲਾਂ ਵਿੱਚ ਨਵੇਂ ਦਾਖਲੇ ਤੇ ਬੱਚਿਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦੇ ਹੋਏ 50 ਫੀਸਦੀ ਸਟਾਫ ਦੀ ਡਿਊਟੀ ਮਰਦਮਸ਼ੁਮਾਰੀ- 2027 ਵਿੱਚ ਲਗਾਉਣ ਲਈ ਬੀਤੇ ਦਿਨੀਂ ਡੀ. ਸੀ. ਕਪੂਰਥਲਾ, ਕਮਿਸ਼ਨਰ ਮਿਊਂਸਪਲ ਕਮੇਟੀ, ਏ. ਡੀ. ਸੀ. ਜਨਰਲ ਨੂੰ ਮਿਲ ਕੇ ਮੰਗ ਪੱਤਰ ਸੌਂਪੇ ਗਏ ਸਨ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਰਛਪਾਲ ਸਿੰਘ ਵੜੈਚ ਤੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਸਕੂਲਾਂ ਦੇ ਸਾਰੇ ਸਟਾਫ ਨੂੰ ਮਰਦਮ ਸ਼ੁਮਾਰੀ- 2027 ਦੀਆਂ ਡਿਊਟੀਆਂ ਵਿੱਚ ਲਗਾ ਦੇਣ ਨਾਲ ਜ਼ਿਲ੍ਹੇ ਦੇ ਸਾਰੇ ਸਕੂਲ ਪੂਰੀ ਤਰ੍ਹਾਂ ਨਾਲ ਖਾਲੀ ਕਰਨ ਅਤੇ ਬੱਚਿਆਂ ਦੀ ਸਿੱਖਿਆ ਦੇ ਵੱਡੇ ਪੱਧਰ ਤੇ ਹੋਏ ਨੁਕਸਾਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਥੇਬੰਦੀ ਵੱਲੋਂ ਸੰਘਰਸ਼ ਵਿੱਢਣ ਦੀ ਸਖਤ ਚੇਤਾਵਨੀ ਦਿੱਤੀ ਗਈ ਹੈ। ਰਛਪਾਲ ਸਿੰਘ ਵੜੈਚ ਤੇ ਸੁਖਚੈਨ ਸਿੰਘ ਬੱਧਨ ਨੇ ਦੱਸਿਆ ਕਿ ਅਸੀਂ ਮੰਗ ਕੀਤੀ ਸੀ ਕਿ ਹਰ ਵਿਭਾਗ ਵਿੱਚੋਂ ਰੇਸ਼ੋ ਅਨੁਸਾਰ ਸਟਾਫ ਲਗਾਇਆ ਜਾਵੇ। ਕਿਉਂਕਿ ਇਹ ਸਰਵੇ ਕੇਂਦਰ ਸਰਕਾਰ ਦਾ ਹੈ। ਇਸ ਵਿੱਚੋਂ ਕੇਂਦਰ ਸਰਕਾਰ ਦੇ ਕਰਮਚਾਰੀ ਲਗਾਉਣ ਤੋਂ ਬਾਅਦ ਰੇਸ਼ੋ ਅਨੁਸਾਰ ਪੰਜਾਬ ਦੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਡਿਊਟੀ ਤੇ ਲਗਾਏ ਜਾਣ। ਸਕੂਲਾਂ ਵਿੱਚ ਘੱਟੋ ਘੱਟ 50% ਸਟਾਫ ਤਾਂ ਰਹਿਣ ਦਿੱਤਾ ਜਾਵੇ। ਜੋ ਸਟਾਫ ਲਗਾਉਣਾ ਵੀ ਹੈ। ਉਸ ਨੂੰ ਓਸਦੇ ਸਕੂਲ ਜਾਂ ਘਰ ਦੇ ਨਜਦੀਕ ਲਾ ਦਿਉ।ਜਦ ਸ਼ਹਿਰਾਂ ਵਿੱਚ ਵੱਖ ਵੱਖ ਮਹਿਕਮਿਆਂ ਵਿੱਚ ਲੋੜੀਦਾ ਸਟਾਫ



ਬੈਠਾ ਹੈ।ਪ੍ਰੰਤੂ ਪ੍ਰਸ਼ਾਸਨ ਦੁਆਰਾ ਕੇਂਦਰ ਸਰਕਾਰ ਦੇ ਕਰਮਚਾਰੀਆਂ ਨੂੰ ਇਸ ਸਰਵੇ ਵਿੱਚ ਬਿਲਕੁਲ ਵੀ ਨਹੀਂ ਲਗਾਇਆ ਗਿਆ, ਤੇ ਪੰਜਾਬ ਸਰਕਾਰ ਦੇ ਵੀ ਬਾਕੀ ਵਿਭਾਗਾਂ ਨੂੰ ਛੱਡ ਕੇ ਸਿੱਖਿਆ ਵਿਭਾਗ ਦੇ ਸਾਰੇ ਦੇ ਸਾਰੇ ਅਧਿਆਪਕ ਇਸ ਮਰਦਮ ਸ਼ੁਮਾਰੀ ਵਿੱਚ ਲਗਾ ਕੇ ਲਗਾਤਾਰ ਸਾਰੇ ਸਕੂਲ ਖਾਲੀ ਕਰ ਦਿੱਤੇ ਗਏ ਹਨ। ਆਗੂਆਂ ਨੇ ਕਿਹਾ ਕਿ ਪਿੰਡਾਂ ਵਿੱਚ ਕੰਮ ਕਰਦੇ ਅਧਿਆਪਕਾਂ ਨੂੰ ਸ਼ਹਿਰਾਂ ਵਿੱਚ ਕਿਉਂ ਲਗਾਇਆ ਜਾ ਰਿਹਾ ਹੈ? ਸਿਰਫ ਅਧਿਆਪਕ ਹੀ ਕਿਉਂ ਜਨਗਣਨਾ ਲਈ ਲਗਾਏ ਜਾ ਰਹੇ ਹਨ? ਆਗੂਆਂ ਨੇ ਕਿਹਾ ਕਿ ਅਸੀਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹਾਂ ਕਿ ਜੇਕਰ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਇਹਨਾਂ ਅਧਿਕਾਰੀਆਂ ਦੇ ਦਫਤਰਾਂ ਦੇ ਘਿਰਾਓ ਕੀਤੇ ਜਾਣਗੇ। ਜਿਸ ਦੀ ਨਰੋਲ ਜਿੰਮੇਵਾਰੀ ਜਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ। ਗੋਰਮਿੰਟ ਟੀਚਰਜ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਅਧਿਆਪਕ ਵਰਗ ਵੱਲੋਂ ਨਵੇਂ ਸੈਸ਼ਨ ਦੀ ਸ਼ੁਰੂਆਤ ਤੇ ਹੀ ਸਿਰਤੋੜ ਮਿਹਨਤ ਕੀਤੀ ਜਾ ਰਹੀ ਹੈ ਕਿ ਸਕੂਲਾਂ ਵਿੱਚ ਬੱਚਿਆਂ ਦੇ ਦਾਖਲਿਆਂ ਵਿੱਚ ਵਾਧਾ ਕੀਤਾ ਜਾਵੇ। ਪਰ ਬਹੁਤ ਸਾਰੇ ਅਧਿਆਪਕ ਹੈਲਥ ਕਾਰਡ ਬਣਾਉਣ, ਜਨ ਗਨਣਾ ਤੇ ਬੀ ਐਲ ਓ ਦੀਆਂ ਡਿਊਟੀਆਂ ਕਾਰਨ ਪਰੇਸ਼ਾਨ ਹੋ ਰਹੇ ਹਨ। ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਕੰਮ ਪ੍ਰਾਈਵੇਟ ਏਜੰਸੀ ਕੋਲੋਂ ਵੀ ਕਰਵਾਇਆ ਜਾ ਸਕਦਾ ਸੀ। ਪ੍ਰੰਤੂ ਪ੍ਰਸ਼ਾਸਨ ਵੱਲੋਂ ਇਸ ਸਭ ਨੂੰ ਛਿੱਕੇ ਟੰਗ ਕੇ ਲਗਾਤਾਰ 50-50 ਅਧਿਆਪਕਾਂ ਦੀਆਂ ਡਿਊਟੀਆਂ ਦੀਆਂ ਲਿਸਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਜੇਕਰ ਇਸ ਇਹਨਾਂ ਵਿੱਚੋਂ 50 ਪ੍ਰਤੀਸ਼ਤ ਸਟਾਫ ਦੀਆਂ ਡਿਊਟੀਆਂ ਨਾ ਕੱਟੀਆਂ ਗਈਆਂ ਤਾਂ ਆਉਣ ਵਾਲੇ ਦਿਨਾਂ ਦੇ ਵਿੱਚ ਇਹ ਸਾਰੇ ਕੰਮ ਲਈ ਸਕੂਲਾਂ ਨੂੰ ਜਿੰਦਰੇ ਮਾਰ ਕੇ ਪਿੰਡਾਂ ਦੀਆਂ ਪੰਚਾਇਤਾਂ ਐਸ ਐਮ ਸੀ ਕਮੇਟੀਆਂ ਨੂੰ ਨਾਲ ਲੈ ਕੇ ਅਧਿਕਾਰੀਆਂ ਦੇ ਦਫਤਰਾਂ ਦਾ ਘਰਾਓ ਕੀਤਾ ਜਾਵੇਗਾ। ਇਸ ਮੌਕੇ ਤੇ ਗੁਰਮੇਜ ਸਿੰਘ ਤਲਵੰਡੀ ਚੌਧਰੀਆਂ, ਹਰਵਿੰਦਰ ਸਿੰਘ,ਸੁਖਵਿੰਦਰ ਸਿੰਘ, ਸਿੰਦਰ ਸਿੰਘ, ਅਮਨਦੀਪ ਸਿੰਘ ਖਿੰਡਾ, ਅਵਤਾਰ ਸਿੰਘ ਹੈਬਤਪੁਰ, ਅਸ਼ਵਨੀ ਕੁਮਾਰ, ਅਮਨਦੀਪ ਸਿੰਘ, ਯਾਦਵਿੰਦਰ ਸਿੰਘ, ਪੰਕਜ ਮਰਵਾਹਾ, ਜਸਵਿੰਦਰ ਸਿੰਘ ਸਿਕਾਰਪੁਰ, ਜਸਵੀਰ ਸਿੰਘ ਚੀਮਾ, ਸੁਖਦੇਵ ਸਿੰਘ ਬੂਲਪੁਰ, ਸੁਖਨਿੰਦਰ ਸਿੰਘ, ਗੁਰਪ੍ਰੀਤ ਸਿੰਘ, ਕੰਵਲਪ੍ਰੀਤ ਸਿੰਘ ਕੌੜਾ, ਤਜਿੰਦਰ ਸਿੰਘ, ਯੋਗੇਸ਼ ਸੋਰੀ, ਜਗਮੋਹਨ ਸਿੰਘ, ਪਰਮਿੰਦਰ ਸਿੰਘ, ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਐਲ ਟੀ ਐਸ ਯੂ ਵਿਖੇ ਤੇਜ਼ੀ ਨਾਲ ਬਦਲ ਰਹੀ ਗਲੋਬਲ ਤਕਨਾਲੋਜੀ ਵਿਸ਼ੇ 'ਤੇ ਇੱਕ ਮਾਹਰ ਭਾਸ਼ਣ ਦਾ ਆਯੋਜਨ

**ਬਲਾਚੌਰ 30 ਅਪ੍ਰੈਲ ( ਜਤਿੰਦਰ ਪਾਲ ਸਿੰਘ ਕਲੇਰ )** ਯੂਨੀਵਰਸਿਟੀ ਸਕੂਲ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਤੇਜ਼ੀ ਨਾਲ ਬਦਲ ਰਹੀਆਂ ਗਲੋਬਲ ਤਕਨਾਲੋਜੀਆਂ ਅਤੇ ਲੈਂਡਸਕੇਪ ਵਿਸ਼ੇ 'ਤੇ ਇੱਕ ਮਾਹਰ ਭਾਸ਼ਣ ਦਾ ਆਯੋਜਨ ਕੀਤਾ। ਇਹ ਭਾਸ਼ਣ ਨਾਭਾ ਪਾਵਰ ਲਿਮਟਿਡ (ਐਲਫ਼ਟੀ ) ਦੇ ਐਚ ਆਰ ਪ੍ਰੋਫੈਸ਼ਨਲ ਸ਼੍ਰੀ ਦੇਵਦੱਤ ਸਰਮਾ ਦੁਆਰਾ ਯੂਨੀਵਰਸਿਟੀ ਦੇ ਬੀ.ਟੈਕ ਵਿਦਿਆਰਥੀਆਂ ਲਈ ਦਿੱਤਾ ਗਿਆ।

ਸੈਸ਼ਨ ਦੌਰਾਨ, ਸ਼੍ਰੀ ਸਰਮਾ ਨੇ ਤੇਜ਼ੀ ਨਾਲ ਬਦਲ ਰਹੇ ਗਲੋਬਲ ਤਕਨੀਕੀ ਦ੍ਰਿਸ਼ ਨੂੰ ਉਜਾਗਰ ਕੀਤਾ ਅਤੇ ਵਿਦਿਆਰਥੀਆਂ ਨੂੰ ਉਦਯੋਗ




ਲਈ ਤਿਆਰ ਰਹਿਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਤਿਆਰੀ ਰਣਨੀਤੀਆਂ 'ਤੇ ਮਾਰਗਦਰਸ਼ਨ ਕੀਤਾ, ਬੁਨਿਆਦੀ ਅਪਸਕਿਲਿੰਗ ਅਤੇ ਕੰਮ ਵਾਲੀ ਥਾਂ 'ਤੇ ਨਰਮ ਹੁਨਰਾਂ ਦੀ ਮਹੱਤਤਾ 'ਤੇ ਕੇਂਦ੍ਰਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਦਯੋਗ ਵਿੱਚ ਸਫਲ ਹੋਣ ਲਈ ਤਕਨੀਕੀ ਮੁਹਾਰਤ ਦੇ ਨਾਲ-ਨਾਲ ਆਲੋਚਨਾਤਮਕ ਸੋਚ ਅਤੇ ਮਜ਼ਬੂਤ ਸੰਚਾਰ ਹੁਨਰ ਵਿਕਸਤ ਕਰਨ ਦੀ ਸਲਾਹ ਦਿੱਤੀ। ਲੈਕਚਰ ਤੋਂ ਬਾਅਦ ਇੱਕ ਇੰਟਰਐਕਟਿਵ ਸਵਾਲ-ਜਵਾਬ ਸੈਸ਼ਨ ਹੋਇਆ। ਮਾਨਯੋਗ ਵਾਈਸ ਚਾਂਸਲਰ ਪ੍ਰੋ. ਏ.ਐਸ. ਚਾਵਲਾ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀ ਵਿਕਾਸ ਲਈ ਅਜਿਹੇ ਉਦਯੋਗਿਕ ਆਪਸੀ ਤਾਲਮੇਲ ਨੂੰ ਉਤਸ਼ਾਹਿਤ ਕੀਤਾ।

ਇਸ ਸੈਸ਼ਨ ਵਿੱਚ ਯੂ ਐਸ ਈ ਟੀ ਦੇ ਡੀਨ, ਡਿਪਟੀ ਡੀਨ ਅਤੇ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ, ਜਿਸ ਨਾਲ ਇਹ ਵਿਦਿਆਰਥੀਆਂ ਲਈ ਇੱਕ ਸੂਝਵਾਨ ਅਤੇ ਭਰਪੂਰ ਅਨੁਭਵ ਬਣ ਗਿਆ।

# ਪੰਜਾਬੀ ਵਿਰਸਾ ਫਾਊਂਡੇਸ਼ਨ ਵੱਲੋਂ ਜਰਨੈਲ ਸ੍ਰ: ਹਰੀ ਸਿੰਘ ਨਲਵਾ ਦਾ ਸੂਰਮਗਤੀ ਦਿਵਸ ਮਨਾਇਆ ਗਿਆ

## ਵਿਦਿਆਰਥਣਾਂ ਨੇ ਜੋਸ਼ੀਲੀਆਂ ਕਵਿਤਾਵਾਂ ਦੀ ਪੇਸ਼ਕਾਰੀ ਕਰਕੇ ਸੂਰਬੀਰ ਜਰਨੈਲ ਦੀਆਂ ਪ੍ਰਾਪਤੀਆਂ ਨੂੰ ਕੀਤਾ ਯਾਦ

**ਲੁਧਿਆਣਾ 30 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)** ਸਿੱਖ ਕੌਮ ਦੇ ਮਹਾਨ ਸੂਰਬੀਰ ਜਰਨੈਲ ਸ੍ਰ: ਹਰੀ ਸਿੰਘ ਨਲਵਾ ਜੀ ਦੇ ਸੂਰਮਗਤੀ ਦਿਵਸ ਨੂੰ ਅੱਜ ਪੰਜਾਬੀ ਵਿਰਸਾ ਫਾਊਂਡੇਸ਼ਨ ਦੇ ਵੱਲੋਂ ਰਾਮਗੜ੍ਹੀਆ ਗਰਲਜ਼ ਸੀਨੀ. ਸੈਕੰਡਰੀ ਸਕੂਲ ਮਿਲਰਗੰਜ ਵਿਖੇ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸੰਬੰਧੀ ਸਕੂਲ ਦੇ ਕੈਂਪਸ ਵਿਖੇ ਆਯੋਜਿਤ ਕੀਤੇ ਗਏ ਪ੍ਰਭਾਵਸ਼ਾਲੀ ਸਮਾਗਮ ਅੰਦਰ ਪੰਜਾਬੀ ਵਿਰਸਾ ਫਾਊਂਡੇਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਖਾਲਸਾ ਨੇ ਸਕੂਲ ਦੀਆਂ ਹੋਣ-ਹਾਰ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਦੁਨੀਆਂ ਦੇ ਇਤਿਹ-ਾਸ ਵਿੱਚ ਦਰਜ ਦਸ ਮਹਾਨ ਸੂਰਬੀਰ ਜਰਨੈਲਾਂ ਦੀ ਸੂਚੀ ਵਿੱਚੋਂ ਪ੍ਰਥਮ ਸਥਾਨ ਪ੍ਰਾਪਤ ਕਰਨ ਵਾਲਾ ਮਹਾਨ ਸੂਰਬੀਰ ਸਿੱਖ ਜਰਨੈਲ ਸ੍ਰ: ਹਰੀ ਸਿੰਘ ਨਲਵਾ ਕੇਵਲ ਇੱਕ ਯੋਧਾ ਹੀ ਨਹੀਂ ਸੀ ਬਲਕਿ ਪੰਥ ਦਾ ਨਿਸ਼ਕਾਮ ਸੇਵਕ ਅਤੇ ਖਾਲਸਾ ਰਾਜ ਦਾ ਨਿਰਛਲ ਰੱਖਿਅਕ ਤੇ ਨਿਸ਼ਠਾਵਾਨ ਅਹਿਲਕਾਰ ਵੀ ਸੀ। ਜਿਸ ਦੀ ਬਦੌਲਤ ਅੱਜ ਵੀ ਉਨ੍ਹਾਂ ਦੇ ਦਲੇਰੀ ਭਰੇ ਕਾਰਨਾਮਿਆਂ ਤੇ ਕਾਰਜਾਂ ਨੂੰ ਸਮੁੱਚਾ ਸੰਸਾਰ ਯਾਦ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਮਹਾਨ ਸਿੱਖ ਸੂਰਬੀਰ ਜਰਨੈਲ ਸ੍ਰ: ਹਰੀ ਸਿੰਘ ਨਲਵਾ ਜੀ ਦੇ ਸੂਰਮਗਤੀ ਦਿਵਸ ਮੌਕੇ ਪੰਜਾਬੀ ਵਿਰਸਾ ਫਾਊਂਡੇਸ਼ਨ ਵੱਲੋਂ ਮਹਾਨ ਜਰਨੈਲ ਦੀ ਯਾਦ ਵਿੱਚ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮਨਦੀਪ ਕੌਰ ਦੇ ਨਿੱਘੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ ਅੱਜ ਦੇ ਸਮਾਗਮ ਦਾ ਮੁੱਖ ਮਨੋਰਥ ਵਿਦਿਆਰਥੀ ਵਰਗ ਨੂੰ ਆਪਣੇ ਗੌਰਵਮਈ ਵਿਰਸੇ, ਇਤਿਹਾਸ ਨਾਲ ਜੋੜਨਾ ਤੇ ਮਹਾਨ ਵਿਅਕਤੀਆਂ ਦੀਆਂ ਕੁਰਬਾਨੀਆਂ ਨੂੰ ਸਦੀਵੀ ਤੌਰ ਤੇ ਯਾਦ ਰੱਖਣਾ ਹੈ। ਇਸ ਦੌਰਾਨ ਆਯੋਜਿਤ ਕੀਤੇ ਗਏ ਸੂਰਮਗਤੀ ਸਮਾਗਮ ਅੰਦਰ ਰਾਮਗੜ੍ਹੀਆ ਗਰਲਜ਼ ਸੀਨੀ. ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਪੂਰੀ ਸੂਰਬੀਰਤਾ ਦੇ ਨਾਲ ਜੋਸ਼ੀਲੀਆਂ ਕਵਿਤਾਵਾਂ ਦੀ ਪੇਸ਼ਕਾਰੀ ਕਰਕੇ ਮਹਾਨ ਸੂਰਬੀਰ ਜਰਨੈਲ ਹਰੀ ਸਿੰਘ ਨਲੂਆ ਨੂੰ ਆਪਣਾ ਸਿੱਜਦਾ ਤੇ ਸਤਿਕਾਰ ਅਰਪਿਤ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮਨਦੀਪ ਕੌਰ ਨੇ ਪੰਜਾਬੀ ਵਿਰਸਾ ਫਾਊਂਡੇਸ਼ਨ ਦੇ ਪ੍ਰਧਾਨ ਰਣਜੀਤ ਸਿੰਘ ਖਾਲਸਾ ਦਾ ਧੰਨਵਾਦ ਪ੍ਰਗਟ ਕਰਦਿਆਂ ਹੋਇਆਂ ਸਕੂਲ ਦੀਆਂ ਵਿਦਿਆਰਥਣਾਂ ਨੂੰ ਆਪਣੇ ਅਮੀਰ ਵਿਰਸੇ ਤੇ ਇਤਿਹਾਸ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਸਮਾਗਮ ਦੌਰਾਨ ਪੰਜਾਬੀ ਵਿਰਸਾ ਫਾਊਂਡੇਸ਼ਨ ਦੇ ਅਹੁਦੇਦਾਰਾਂ ਵੱਲੋਂ ਸਕੂਲ ਦੀਆਂ ਵਿਦਿਆਰਥਣਾਂ ਨੂੰ ਮਹਾਨ ਸੂਰਬੀਰ ਜਰਨੈਲ ਸ੍ਰ: ਹਰੀ ਸਿੰਘ ਨਲੂਆ ਜੀ ਦੇ ਜੀਵਨ ਤੇ ਪ੍ਰਾਪਤੀਆਂ ਸੰਬੰਧੀ ਖੋਜ ਭਰਪੂਰ ਪੁਸਤਕਾਂ ਭੇਟ ਕਰਕੇ ਉਚੇਚੇ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਸਮੇਂ ਉਨ੍ਹਾਂ ਦੇ ਨਾਲ ਰਾਮਗੜ੍ਹੀਆ ਸੀਨੀ. ਸੈਕੰਡਰੀ ਸਕੂਲ (ਲੜਕੇ) ਦੀ ਪ੍ਰਿੰਸੀਪਲ ਸ਼੍ਰੀਮਤੀ ਮਨਪ੍ਰੀਤ ਕੌਰ, ਸ਼੍ਰੀਮਤੀ ਰਜਵੰਤ ਕੌਰ, ਸ਼੍ਰੀਮਤੀ ਨਵਜੀਤ ਕੌਰ, ਸ਼੍ਰੀਮਤੀ ਪਲਵਿੰਦਰ ਕੌਰ, ਸ਼੍ਰੀਮਤੀ ਖੁਸ਼ਹਾਲਜੀਤ ਕੌਰ ਤੇ ਅਮਨਪ੍ਰੀਤ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



# ਭਾਰਤ ਦੇ ਮਹਾਨ ਸਪੂਤ ਗਿਆਨੀ ਜੈਲ ਸਿੰਘ ਦੇ ਜਨਮ-ਦਿਨ 'ਤੇ ਓ.ਬੀ.ਸੀ/ਬੀ.ਸੀ/ਐੱਸ.ਸੀ ਦਾ ਸੂਬਾ ਪੱਧਰੀ ਸਮਾਗਮ 5 ਮਈ ਨੂੰ ਗੁਰੂ ਨਾਨਕ ਭਵਨ ਵਿਖੇ ਹੋਵੇਗਾ- ਇੰਦਰਜੀਤ ਬੱਬੂ

## ਰਾਹੁਲ ਗਾਂਧੀ ਵੱਲੋਂ ਪੱਛੜੀਆਂ ਸ਼੍ਰੇਣੀਆਂ ਨੂੰ ਆਬਾਦੀ ਦੇ ਆਧਾਰ 'ਤੇ ਸਿਆਸੀ ਨੁਮਾਇੰਦਗੀ ਦੇਣ ਦਾ ਫੈਸਲਾ ਸ਼ੁਭ ਸ਼ਗਨ- ਬਾਵਾ, ਦਾਖਾ

**ਲੁਧਿਆਣਾ 30 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)**- ਗਿਆਨੀ ਜੈਲ ਸਿੰਘ ਸਾਬਕਾ ਰਾਸ਼ਟਰਪਤੀ ਭਾਰਤ ਸਰਕਾਰ ਅਤੇ ਸਾਬਕਾ ਮੁੱਖ ਮੰਤਰੀ ਪੰਜਾਬ ਦੇ ਜਨਮ-ਦਿਨ 'ਤੇ ਓ.ਬੀ.ਸੀ/ ਬੀ.ਸੀ/ ਐੱਸ.ਸੀ ਵੱਲੋਂ ਵਿਸ਼ਾਲ ਸਵ: ਸਮਾਗਮ ਦਾ ਆਯੋਜਨ 5 ਮਈ ਨੂੰ ਗੁਰੂ ਨਾਨਕ ਭਵਨ ਲੁਧਿਆਣਾ ਵਿਖੇ ਹੋਵੇਗਾ। ਇਹ ਜਾਣਕਾਰੀ ਕੁੱਲ ਹਿੰਦ ਕਾਂਗਰਸ ਓ.ਬੀ.ਸੀ ਵਿਭਾਗ ਦੇ ਵਾਈਸ ਪ੍ਰਧਾਨ ਇੰਦਰਜੀਤ ਬੱਬੂ ਅਤੇ ਕੁੱਲ ਹਿੰਦ ਕਾਂਗਰਸ ਦੇ ਓ.ਬੀ.ਸੀ ਦੇ ਕੋਆਰਡੀਨੇਟਰ ਕ੍ਰਿਸ਼ਨ ਕੁਮਾਰ ਬਾਵਾ ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਸਾਂਝੇ ਤੌਰ 'ਤੇ ਦਿੱਤੀ। ਬੱਬੂ ਅਤੇ ਬਾਵਾ ਨੇ ਕਿਹਾ ਕਿ ਗਿਆਨੀ ਜੀ ਮਹਾਨ ਦੇਸ਼ ਭਗਤ, ਸੁਤੰਤਰਤਾ ਸੰਗਰਾਮੀ, ਦੂਰਅੰਦੇਸ਼ ਸੋਚ ਦੇ ਉੱਚਕੋਟੀ ਦੇ ਨੇਤਾ ਸਨ। ਉਹਨਾਂ ਨੇ ਹਮੇਸ਼ਾਂ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ। ਉਹਨਾਂ ਕਿਹਾ ਕਿ ਪੰਜਾਬ ਵਿੱਚ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ 71 ਜਾਤੀਆਂ ਹਨ ਅਤੇ ਤਕਰੀਬਨ 40% ਵੋਟ ਹੈ ਪਰ ਸਿਆਸੀ ਖੇਤਰ ਵਿੱਚ ਆਬਾਦੀ ਦੇ ਆਧਾਰ 'ਤੇ ਨੁਮਾਇੰਦਗੀ ਨਾ ਮਿਲਣਾ ਲੋਕਤੰਤਰ ਵਿੱਚ ਬੇਇਨਸਾਫ਼ੀ ਹੈ । ਉਹਨਾਂ ਕਿਹਾ ਕਿ ਰਾਹੁਲ ਗਾਂਧੀ ਜੋ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਨ। ਉਹਨਾਂ ਨੇ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ) ਨੂੰ ਆਬਾਦੀ ਦੇ ਆਧਾਰ 'ਤੇ ਸਿਆਸੀ ਨੁਮਾਇੰਦਗੀ ਦੇਣ ਦਾ ਭਾਰਤ ਦੇ ਲੋਕਾਂ ਨਾਲ ਵਾਅਦਾ ਕੀਤਾ ਹੈ ਅਤੇ ਪਾਰਟੀ ਅੰਦਰ ਉਹ ਇਸ ਸੰਦਰਭ ਵਿੱਚ ਉਸਾਰੂ ਫੈਸਲੇ ਲੈ ਰਹੇ ਹਨ।





# ਬਿਹਾਰ ਦੇ ਖੇਤੀਬਾੜੀ ਅਧਿਕਾਰੀਆਂ ਵੱਲੋਂ ਲੁਧਿਆਣਾ ਵਿਖੇ ਬੀ.ਸੀ.ਐੱਸ. ਇੰਡੀਆ ਪਲਾਂਟ ਦਾ ਦੌਰਾ ਕੀਤਾ ਗਿਆ

**ਲੁਧਿਆਣਾ 30 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)** ਖੇਤੀਬਾੜੀ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨ ਲਈ, ਬੀ.ਸੀ.ਐੱਸ. ਇੰਡੀਆ ਪ੍ਰਾਈਵੇਟ ਲਿਮਟਿਡ ਨੇ ਆਪਣੇ ਲੁਧਿਆਣਾ ਪਲਾਂਟ ਵਿੱਚ ਬਿਹਾਰ ਦੇ ਉੱਚ ਅਧਿਕਾਰੀਆਂ, ਸ਼੍ਰੀ ਆਲੋਕ ਸਿੰਘ (ਜੁਆਇੰਟ ਡਾਇਰੈਕਟਰ, ਖੇਤੀਬਾੜੀ ਇੰਜੀਨੀਅਰਿੰਗ ਵਿਭਾਗ, ਬਿਹਾਰ) ਅਤੇ ਸ਼੍ਰੀ ਸੁਭਾਸ਼ ਚੰਦਰਾ (ਐਚ.ਓ.ਡੀ., ਫਾਰਮ ਮਸ਼ੀਨਰੀ ਅਤੇ ਪਾਵਰ, ਬਿਹਾਰ) ਦਾ ਕੰਪਨੀ ਦੇ ਡਾਇਰੈਕਟਰ ਅਰੁਣ ਕੁਮਾਰ ਗੁਪਤਾ ਅਤੇ ਸੰਜੀਵ ਕੁਮਾਰ ਬਾਂਸਲ ਡਾਇਰੈਕਟਰ ਸੇਲਸ ਅਤੇ ਮਾਰਕੀਟਿੰਗ ਵੱਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ । ਉਹਨਾਂ ਦੱਸਿਆ ਕਿ ਇਸ ਦੌਰੇ ਦਾ ਮੁੱਖ ਉਦੇਸ਼ ਬਿਹਾਰ ਦੇ ਕਿਸਾਨਾਂ ਲਈ ਬੀ.ਸੀ.ਐੱਸ. ਦੀਆਂ ਐਡਵਾਂਸ ਹਾਰਵੈਸਟਿੰਗ ਅਤੇ ਵੀਡਿੰਗ (ਗੋਡੀ ਕਰਨ ਵਾਲੀਆਂ) ਮਸ਼ੀਨਾਂ ਦੀ ਜਾਂਚ ਕਰਨਾ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨਾ ਸੀ। ਕੰਪਨੀ ਦੇ ਮੈਨੇਜਰ ਸੇਲਸ ਐਂਡ ਮਾਰਕੀਟਿੰਗ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਬੀ.ਸੀ.ਐੱਸ. ਇੰਡੀਆ ਆਪਣੇ ਵਿਸ਼ਵ-ਪੱਧਰੀ ਇਤਾਲਵੀ ਤਕਨਾਲੋਜੀ ਵਾਲੇ ਉਤਪਾਦਾਂ ਲਈ ਜਾਣੀ ਜਾਂਦੀ ਹੈ, ਜਿਸ ਵਿੱਚ ਫ਼ਸਲਾਂ ਦੀ ਕਟਾਈ ਅਤੇ ਬੰਨ੍ਹਾਈ ਲਈ ਰੀਪਰ ਬਾਈਂਡਰ ਅਤੇ ਬਾਗਾਂ ਤੇ ਸਬਜ਼ੀਆਂ ਦੀ ਗੋਡੀ ਲਈ ਉੱਨਤ ਪਾਵਰ ਵੀਡਰ ਸ਼ਾਮਲ ਹਨ। ਅਧਿਕਾਰੀਆਂ ਨੇ ਕਿਹਾ ਕਿ ਇਹ ਮਸ਼ੀਨਾਂ ਬਿਹਾਰ ਵਿੱਚ ਖੇਤੀ ਲਾਗਤ ਘਟਾਉਣ ਅਤੇ ਉਤਪ-ਾਦਨ ਵਧਾਉਣ ਵਿੱਚ ਸਹਾਈ ਹੋਣਗੀਆਂ। ਉਹਨਾਂ ਦੱਸਿਆ ਕਿ ਸਾਡੀ ਕੰਪਨੀ ਵੱਲੋਂ ਕਣਕ ਜਮੀ ਆਦੀ ਚਾਰ ਫੁੱਟ ਤੱਕ ਹਰ ਤਰ੍ਹਾਂ ਦੀ ਫਸਲਾਂ ਦੀ ਕਟਾਈ ਅਤੇ ਬਣਾਈ ਕਰਨ ਵਾਲਾ ਇਟਾਲੀਅਨ ਰੀਪਰ ਬਾਈਡਰ ਖਾਸ ਤੌਰ ਤੇ ਤਿਆਰ ਕੀਤਾ ਗਿਆ ਹੈ । ਇਹ 60 ਤੋਂ 90 ਮਿੰਟਾਂ ਵਿੱਚ ਇੱਕ ਏਕੜ ਫਸਲ ਨੂੰ ਕੱਟਣ ਅਤੇ ਬੰਨ੍ਹਣ ਦਾ ਕੰਮ ਕਰਦਾ ਹੈ ।



for more news visit:
www.samajweekly.com

# ਧਰਤ ਦਾ ਦੇਵਤਾ - ਮਜ਼ਦੂਰ

ਧਰਤ ਨੂੰ ਜਿਸਨੇ ਸਮਝਿਆ ਆਪਣਾ ਵਿਛੌਣਾ,
ਖਾਲੀ ਹੀ ਰਿਹਾ ਉਸਦੇ ਜੀਵਨ ਦਾ ਹਰ ਕੋਨਾ,
ਚਾਦਰ ਹੈ ਓਢ ਲਈ ਜਿਸਨੇ ਅਸਮਾਨ ਦੀ,
ਇੱਟ ਪੱਥਰ ਬੱਜਰੀ ਮਿੱਟੀ ਉਹਦੇ ਵਾਸਤੇ ਹੈ ਸੋਨਾ,
ਉਹ ਰੋਜ਼ ਆਪਣੀ ਜਾਨ ਦੀ ਬਾਜ਼ੀ ਹੈ ਲਾਉਂਦਾ,
ਉਹਦੇ ਵਾਸਤੇ ਤਾਂ ਮਜ਼ਦੂਰੀ ਹੈ ਰੱਬ ਦੀ ਆਰਾਧਨਾ।
ਕੋਲਾ ਕਦੀ ਉਹ ਕੱਢਦਾ ਕੋਲੇ ਦੀ ਖਾਣ ’ਚੋਂ,
ਮਿਹਨਤ ਦੀ ਕਰਦਾ ਪੂਜਾ ਸੱਚੇ ਧਰਮ ਈਮਾਨ ’ਚੋਂ,
ਖੇਤਾਂ ’ਚ ਜਾ ਕੇ ਕਦੇ ਉਹ ਬੀਜਾਂ ਨੂੰ ਬੀਜਦਾ,
ਭਰਦਾ ਹੈ ਢਿੱਡ ਬੱਚਿਆਂ ਦਾ ਉਹ ਵੱਡੇ ਸਵੈਮਾਨ ’ਚੋਂ,
ਲਿਖੀ ਹੈ ਰੋਟੀ ਰੁੱਖੀ ਸੁੱਕੀ ਉਹਦੇ ਭਾਗ ਵਿੱਚ,
ਕਰਦਾ ਨਾ ਗਿਲਾ-ਸ਼ਿਕਵਾ ਉਹ ਕਦੇ ਆਪਣੇ ਰੱਬ ਤੋਂ।

ਤੇਰਾ ਕੋਈ ਵੀ ਮੌਸਮ ਨਾ ਰਾਹ ਨੂੰ ਰੋਕਦਾ,
ਤੂੰ ਹਰ ਵੇਲੇ ਸਭ ਦੀ ਭਲਾਈ ਦੀ ਸੋਚਦਾ,
ਤੂੰ ਤਾਂ ਹਰ ਵੇਲੇ ਹੀ ਸਭ ਦੀ ਖਿਦਮਤ ’ਚ ਖੜ੍ਹਾ ਹੈਂ,
ਤੂੰ ਕਿਸੇ ਨੂੰ ਵੀ ਨਾ ਕਦੇ ਮੰਦੇ ਵਾਕ ਬੋਲਦਾ,
ਤੇਰੀ ਨਜ਼ਰ ’ਚ ਕੋਈ ਨਾ ਛੋਟਾ ਵੱਡਾ ਹੈ,
ਤੂੰ ਹਰ ਕਿਸੇ ਦੇ ਨਾਲ ਮੁਹੱਬਤ ਨਾਲੋਂ ਬੋਲਦਾ।

ਦੇਂਦਾ ਹਾਂ ਲੱਖ ਦੁਆਵਾਂ ਓ ਧਰਤ ਦੇ ਦੇਵਤਾ,
ਤੂੰ ਹੀ ਸਾਡੇ ਜੀਵਨ ’ਚ ਨਵੇਂ ਰੰਗ ਘੋਲਦਾ,
ਤੇਰੀ ਮਿਹਨਤ ਸਦਕਾ ਧਰਤ ਸੋਨੇ ਵਰਗੀ ਖਿੜੀ ਹੈ,
ਤੂੰ ਆਪਣੇ ਖੂਨ-ਪਸੀਨੇ ਨਾਲ ਮਿੱਟੀ ਨੂੰ ਸਿੰਜਦਾ ਕਰਦਾ,
ਤੇਰੇ ਮਹਾਨ ਕੰਮ ਦਾ ਕੋਈ ਮੁੱਲ ਨਹੀਂ ਹੈ,
ਕਹੇ ‘ਭਾਸਕਰ’ - ਤੂੰ ਸੱਚਾ ਕਰਮਯੋਗੀ
ਤੇਰੇ ਅੰਦਰ ਰੱਬ ਦੀ ਮਹਾਨਤਾ ਹੈ।



ਕਮਲ ਭਾਸਕਰ
ਸੰਪਰਕ-9463252911

# ਮਜ਼ਦੂਰ ਦਾ ਅੱਜ

ਵਕਤ ਦੀ ਲੰਮੀ ਸੜਕ ਉੱਤੇ
ਕਈ ਸਾਲ ਪਹਿਲਾਂ
ਜੋ ਸ਼ਬਦ ਬੀਜੇ ਸਨ
ਉਹ ਅੱਜ ਵੀ
ਪਸੀਨੇ ਦੀ ਖ਼ੁਸ਼ਬੂ ਨਾਲ ਹਰੇ-ਭਰੇ ਖੜੇ ਹਨ।

ਉਹ ਹੱਥ -- ਜਿੰਨ੍ਹਾਂ ਨੇ ਪੱਥਰਾਂ ਨੂੰ ਗੀਤ ਸਿਖਾਏ
ਲੋਹੇ ਨੂੰ ਸ਼ਕਲ ਦਿੱਤੀ
ਮਿੱਟੀ ਦੇ ਰੂਪ ਵਿੱਚ -- ਰੋਟੀ ਦਾ ਸੁਪਨਾ ਜਗਾਇਆ
ਅੱਜ ਵੀ ਸਭਿਆਚਾਰ ਦੀ ਨੀਂਹ ਹੇਠਾਂ
ਚੁੱਪ ਚਾਪ ਧੜਕਦੇ ਹਨ।

ਹਰ ਉੱਚੀ ਇਮਾਰਤ ਵਿੱਚ
ਉਨ੍ਹਾਂ ਦੀਆਂ ਉਂਗਲਾਂ ਦੀ ਛਾਪ
ਹਰ ਪੁਲ ਦੀਆਂ ਬਾਂਹਾਂ ਵਿੱਚ
ਉਨ੍ਹਾਂ ਦੀ ਤਾਕਤ ਦਾ ਵਿਸ਼ਵਾਸ
ਹਰ ਖੇਤ ਦੀ ਹਰਿਆਵਲ ਵਿੱਚ
ਉਨ੍ਹਾਂ ਦੇ ਪਸੀਨੇ ਦੀ ਚਮਕ ਹੈ।

ਪਰ,ਅਜੇ ਵੀ --
ਉਨ੍ਹਾਂ ਦੀਆਂ ਹਥੇਲੀਆਂ ਵਿੱਚ
ਥਕਾਵਟ ਦੇ ਰੇਤਲੇ ਰਾਹ ਹਨ
ਅੱਖਾਂ ਵਿੱਚ ਇੱਕ ਨਿੱਕਾ ਜਿਹਾ ਚਿਰਾਗ਼
ਜੋ ਹਵਾਵਾਂ ਨਾਲ ਲੜਦਾ ਹੋਇਆ
ਉਮੀਦ ਦਾ ਪਹਿਰਾ ਦਿੰਦਾ ਹੈ।
ਮਜ਼ਦੂਰ-- ਇੱਕ ਨਾਮ ਨਹੀਂ
ਇੱਕ ਯੁੱਗ ਦੀ ਧੜਕਣ ਹੈ
ਇੱਕ ਵਰਗ ਨਹੀਂ--
ਮਨੁੱਖਤਾ ਦੇ ਮੱਥੇ ਉੱਤੇ ਚਮਕਦਾ ਹੋਇਆ ਮਾਣ ਹੈ।
ਮਜ਼ਦੂਰ ਦਿਵਸ --
ਕੇਵਲ ਇੱਕ ਦਿਨ ਦਾ ਜਸ਼ਨ ਨਹੀਂ
ਇਹ ਉਨ੍ਹਾਂ ਹੱਥਾਂ ਨੂੰ ਨਿਮਨ ਕਰਨ ਦਾ ਪਲ ਹੈ
ਜਿੰਨ੍ਹਾਂ ਨੇ ਸਮੇਂ ਦੇ ਰੁੱਖ ਨੂੰ
ਆਪਣੀ ਮਿਹਨਤ ਨਾਲ ਸਿੰਜਿਆ ਹੈ।
ਆਓ, ਤਾਲੀਆਂ ਤੋਂ ਅੱਗੇ ਵਧੀਏ
ਸਨਮਾਨ ਨੂੰ ਅਮਲ ਬਣਾਈਏ
ਉਨ੍ਹਾਂ ਦੇ ਹੱਕਾਂ ਨੂੰ ਕੇਵਲ ਸ਼ਬਦਾਂ ਵਿੱਚ ਨਹੀਂ
ਜ਼ਿੰਦਗੀ ਵਿੱਚ ਲਿਖੀਏ।
ਕਿਉਂਕਿ --
ਜਦ ਤੱਕ ਮਿਹਨਤਕਸ਼ ਦਾ ਮੱਥਾ
ਮਾਣ ਨਾਲ ਉੱਚਾ ਨਹੀਂ ਹੁੰਦਾ
ਤਦ ਤੱਕ --
ਕਿਸੇ ਵੀ ਸਮਾਜ ਦੀ ਤਰੱਕੀ ਅਧੂਰੀ ਰਹਿੰਦੀ ਹੈ
ਅਤੇ
ਜਦ ਉਹ ਮੁਸਕਰਾਏਗਾ
ਤਦ ਹੀ ਇਸ ਧਰਤੀ ਦਾ ਭਵਿੱਖ
ਸੱਚਮੁੱਚ ਰੌਸ਼ਨ ਹੋ ਜਾਏਗਾ।



ਸੁਰਜੀਤ ਸਿੰਘ ਭੁੱਲਰ

# ਮਜੂਦਰ ਦਿਵਸ

_ਧੁੱਪੇ ਰੁੱਖ ਬਣ ਛਾਂ ਕਰਦਾ ਏ,
ਮਜ਼ਦੂਰ ਦਿਨ-ਰਾਤ ਕੰਮ ਕਰਦਾ ਏ।__

__ਹੱਥਾਂ 'ਤੇ ਛਾਲੇ ਪਾ ਕੇ ਵੀ,
ਰੋਟੀ ਦਾ ਇੰਤਜ਼ਾਮ ਕਰਦਾ ਏ।__

__ਮਹਿਲ ਉਸਾਰੇ ਲੋਕਾਂ ਲਈ,
ਆਪ ਝੁੱਗੀ 'ਚ ਆਰਾਮ ਕਰਦਾ ਏ।__

__ਪਸੀਨੇ ਨਾਲ ਧਰਤੀ ਸਿੰਜ ਕੇ,
ਜੱਗ ਲਈ ਅੰਨਦਾਨ ਕਰਦਾ ਏ।__

__ਛੁੱਟੀ ਉਹਦੇ ਭਾਗਾਂ 'ਚ ਨਹੀਂ,
1 ਮਈ ਵੀ ਕੰਮ ਕਰਦਾ ਏ।__

__'ਗੁਰਮੀਤ' ਕਹੇ ਇਹ ਰੱਬ ਦਾ ਰੂਪ,
ਸਿਰਜਣਾ ਦਾ ਕੰਮ ਕਰਦਾ ਏ।__

__ਸਲਾਮ ਇਹਦੇ ਹੌਸਲੇ ਨੂੰ,
ਜੋ ਹਾਰ ਕੇ ਵੀ ਸੰਗਰਾਮ ਕਰਦਾ ਏ।_*



ਗੁਰਮੀਤ ਡੁਮਾਣਾ
ਲੋਹੀਆਂ ਖਾਸ
ਜਲੰਧਰ



# ਪੀ.ਏ.ਯੂ.-ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਵਿਖੇ ਕੁਦਰਤ ਦੀ ਅਨੰਦ ਸੈਰ ਦਾ ਆਯੋਜਨ ਕੀਤਾ ਗਿਆ





**ਬਲਾਚੌਰ 30 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਪੀ.ਏ.ਯੂ.-ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਵੱਲੋਂ ਵਿਦਿਆਰਥੀਆਂ ਵਿੱਚ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਅਤੇ ਵਾਤਾਵਰਣ ਪ੍ਰਤੀ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਸਥਾਨਕ ਪਹਾੜੀਆਂ ਵੱਲ ਕੁਦਰਤ ਦੀ ਅਨੰਦ ਸੈਰ ਦਾ ਆਯੋਜਨ ਕੀਤਾ ਗਿਆ।ਇਸ ਗਤੀਵਿਧੀ ਵਿੱਚ ਕਾਲਜ ਦੇ 54 ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ। ਸਵੇਰੇ 5.30 ਤੋਂ 7.30 ਤੱਕ ਚੱਲੀ। ਇਸ ਸੈਰ ਵਿੱਚ ਵਿਦਿਆਰਥੀਆਂ ਨੇ ਸਥਾਨਕ ਪਹਾੜੀ ਦੇ ਟਾਵਰ ਤੱਕ ਟ੍ਰੈਕਿੰਗ ਕੀਤੀ, ਜਿੱਥੇ ਉਨ੍ਹਾਂ ਨੇ ਸੁੰਦਰ ਦ੍ਰਿਸ਼ ਦਾ ਆਨੰਦ ਮਾਣਿਆ ਅਤੇ ਕੰਢੀ ਖੇਤਰ ਦੀ ਕੁਦਰਤੀ ਸੁੰਦਰਤਾ ਦਾ ਅਨੁਭਵ ਕੀਤਾ। ਸੈਰ ਦੌਰਾਨ ਵਿਦਿਆਰਥੀਆਂ ਨੇ ਸਥਾਨਕ ਵਨਸਪਤੀ, ਅਤੇ ਜੈਵਿਕ ਵਿਵਿਧਤਾ ਦਾ ਅਧਿਐਨ ਕੀਤਾ, ਜਿਸ ਨਾਲ ਉਨ੍ਹਾਂ ਨੂੰ ਖੇਤਰ ਦੇ ਕੁਦਰਤੀ ਸਰੋਤਾਂ ਬਾਰੇ ਵਧੀਆ ਜਾਣਕਾਰੀ ਪ੍ਰਾਪਤ ਹੋਈ।ਇਸ ਸੈਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਿਯਮਿਤ ਸਰੀਰਿਕ ਕਿਰਿਆਵਾਂ ਰਾਹੀਂ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਅਤੇ ਕੁਦਰਤ ਨਾਲ ਉਨ੍ਹਾਂ ਦੀ ਨਜ਼ਦੀਕੀ ਵਧਾਉਣਾ ਸੀ। ਵਿਦਿਆਰਥੀਆਂ ਨੇ ਖੇਤੀਬਾੜੀ ਕਾਲਜ ਦੇ ਫਾਰਮ ਖੇਤਰ ਦਾ ਵੀ ਦੌਰਾ ਕੀਤਾ ਕਾਲਜ ਦੇ ਡੀਨ ਸਮੇਤ ਅਧਿਆਪਕਾਂ ਨੇ ਵੀ ਇਸ ਸੈਰ ਵਿੱਚ ਸਰਗਰਮ ਭਾਗ ਲਿਆ ਅਤੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਇਸ ਸੈਰ ਦਾ ਆਨੰਦ ਮਾਣਿਆ, ਜਿਸ ਨਾਲ ਇਹ ਪ੍ਰੋਗਰਾਮ ਸਭ ਲਈ ਤਾਜ਼ਗੀ ਭਰਿਆ ਅਤੇ ਸਿੱਖਣ ਵਾਲਾ ਅਨੁਭਵ ਬਣਿਆ।

# ਪੰਜਾਬ ਦੇ ਮੁਲਾਜ਼ਮਾਂ ਨਾਲ ਵਿਤਕਰਾ: ਹਰਿਆਣਾ ਤੇ ਚੰਡੀਗੜ੍ਹ ਨੇ ਦਿੱਤਾ 60% ਡੀ.ਏ., ਪਰ ਪੰਜਾਬ ਸਰਕਾਰ ਪਾ ਰਹੀ 'ਕਾਨੂੰਨੀ ਅੜਿੱਕੇ'

ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਵਿੱਚ ਇਸ ਵੇਲੇ ਭਾਰੀ ਨਿਰਾਸ਼ਾ ਅਤੇ ਰੋਸ ਦੀ ਲਹਿਰ ਪਾਈ ਜਾ ਰਹੀ ਹੈ ਕਿਉਂਕਿ ਇੱਕ ਪਾਸੇ ਹਰਿਆਣਾ ਅਤੇ ਚੰਡੀਗੜ੍ਹ ਸਰਕਾਰ ਨੇ ਆਪਣੇ ਮੁਲਾਜ਼ਮਾਂ ਨੂੰ ਕੇਂਦਰ ਦੇ ਬਰਾਬਰ 60 ਫੀਸਦੀ ਮਹਿੰਗਾਈ ਭੱਤਾ ਦੇਣ ਲਈ ਪੱਤਰ ਜਾਰੀ ਕਰ ਦਿੱਤੇ ਹਨ ਪਰ ਦੂਜੇ ਪਾਸੇ ਪੰਜਾਬ ਸਰਕਾਰ ਇਸ ਨੂੰ ਲਾਗੂ ਕਰਨ ਤੋਂ ਲਗਾਤਾਰ ਕੰਨੀ ਕਤਰਾ ਰਹੀ ਹੈ। ਮੁਲਾਜ਼ਮਾਂ ਦਾ ਕਹਿਣਾ ਹੈ ਕਿ ਅਦਾਲਤ ਵੱਲੋਂ ਉਨ੍ਹਾਂ ਦੇ ਹੱਕ ਵਿੱਚ ਕੀਤੇ ਗਏ ਫੈਸਲੇ ਨੂੰ ਮੰਨਣ ਦੀ ਬਜਾਏ ਸਰਕਾਰ ਹੁਣ ਐਲ ਪੀ ਏ ਪਾ ਕੇ ਇਸ ਮਾਮਲੇ ਨੂੰ ਹੋਰ ਲਮਕਾਉਣ ਦੀ ਤਿਆਰੀ ਵਿੱਚ ਹੈ ਜੋ ਕਿ ਸਰਾਸਰ ਨਾਇਨਸਾਫੀ ਹੈ। ਇਹ ਸਥਿਤੀ ਉਦੋਂ ਹੋਰ ਵੀ ਗੰਭੀਰ ਹੋ ਜਾਂਦੀ ਹੈ ਜਦੋਂ ਇਹ ਵੇਖਿਆ ਜਾਂਦਾ ਹੈ ਕਿ ਪੰਜਾਬ ਦੇ ਮੁਲਾਜ਼ਮਾਂ 'ਤੇ ਨਿਊ ਪੈਨਸ਼ਨ ਸਕੀਮ ਕੇਂਦਰ ਦੀ ਤਰਜ਼ 'ਤੇ ਲਾਗੂ ਕੀਤੀ ਗਈ ਹੈ ਅਤੇ ਸਾਲ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਤਨਖਾਹਾਂ ਵੀ ਕੇਂਦਰੀ ਸਕੇਲ ਅਨੁਸਾਰ ਦਿੱਤੀਆਂ ਜਾ ਰਹੀਆਂ ਹਨ ਪਰ ਜਦੋਂ ਕੇਂਦਰ ਦੇ ਬਰਾਬਰ ਡੀ ਏ ਦੇਣ ਦੀ ਵਾਰੀ ਆਉਂਦੀ ਹੈ ਤਾਂ ਸਰਕਾਰ ਪਿੱਛੇ ਹਟ ਜਾਂਦੀ ਹੈ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਮੁਲਾਜ਼ਮ ਵਰਗ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ ਅਤੇ ਉਨ੍ਹਾਂ ਨੂੰ ਉਮੀਦ ਸੀ ਕਿ ਇਹ ਬਦਲਾਅ ਉਨ੍ਹਾਂ ਦੇ ਜੀਵਨ ਵਿੱਚ ਸੁਧਾਰ ਲਿਆਵੇਗਾ। ਸਹੁੰ ਚੁੱਕ ਸਮਾਗਮ ਤੋਂ ਬਾਅਦ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਪਹਿਲੀ ਵਾਰ ਸਕੱਤਰੇਤ ਪਹੁੰਚੇ ਸਨ ਤਾਂ ਉੱਥੋਂ ਦੇ ਮੁਲਾਜ਼ਮਾਂ ਨੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਸੀ ਪਰ ਅੱਜ ਉਹੀ ਮੁਲਾਜ਼ਮ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਨਾ ਦਿੱਤੇ ਜਾਣ ਕਾਰਨ ਮੁਲਾਜ਼ਮ ਵਰਗ ਵਿੱਚ ਸਰਕਾਰ ਪ੍ਰਤੀ ਕਾਫੀ ਨਾਰਾਜ਼ਗੀ ਵੇਖਣ ਨੂੰ ਮਿਲ ਰਹੀ ਹੈ ਅਤੇ ਉਹ ਮਹਿਸੂਸ ਕਰ ਰਹੇ ਹਨ ਕਿ ਉਨ੍ਹਾਂ ਦੀਆਂ ਉਮੀਦਾਂ ਮੁਤਾਬਕ ਕੋਈ ਵੀ ਕੰਮ ਪੂਰਾ ਨਹੀਂ ਕੀਤਾ ਗਿਆ।

**ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177**

# ਮੋਰਿੰਡਾ ਟ੍ਰੈਫਿਕ ਪੁਲਿਸ ਦੀ ਸਖ਼ਤ ਕਾਰਵਾਈ, 60 ਈ-ਚਲਾਣ ਕੱਟੇ



**ਮੋਰਿੰਡਾ, 30 ਅਪ੍ਰੈਲ (ਸੁਖਵਿੰਦਰ ਸਿੰਘ ਹੈਪੀ)-** ਸ਼ਹਿਰ ਵਿੱਚ ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਮੋਰਿੰਡਾ ਟ੍ਰੈਫਿਕ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਗਈ, ਜਿਸ ਦੌਰਾਨ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਗਈ। ਇਸ ਮੁਹਿੰਮ ਅਧੀਨ ਕੁੱਲ 60 ਈ-ਚਲਾਣ ਕੱਟੇ ਗਏ। ਇਨ੍ਹਾਂ ਵਿੱਚੋਂ 35 ਚਾਰ ਪਹੀਆ ਵਾਹਨਾਂ ਅਤੇ 15 ਦੋ ਪਹੀਆ ਵਾਹਨਾਂ ਦੇ ਚਲਾਣ ਸ਼ਾਮਲ ਹਨ। ਜੇਕਰ ਉਲੰਘਣਾਵਾਂ ਦੀ ਗੱਲ ਕਰੀਏ ਤਾਂ ਸਭ ਤੋਂ ਵੱਧ 36 ਚਲਾਣ ਰੌਂਗ ਪਾਰਕਿੰਗ ਲਈ ਕੀਤੇ ਗਏ। ਇਸ ਤੋਂ ਇਲ-ਾਵਾ 15 ਚਲਾਣ ਵਾਹਨਾਂ 'ਤੇ ਕਾਲੀ ਜਾਲੀ ਲਗਾਉਣ ਕਾਰਨ ਕੀਤੇ ਗਏ, ਜਦਕਿ 07 ਵਾਹਨਾਂ ਨੂੰ ਬਿਨਾਂ ਨੰਬਰ ਪਲੇਟ ਹੋਣ ਕਰਕੇ ਚਲਾਣਿਆ ਗਿਆ। ਪੁਲਿਸ ਵੱਲੋਂ ਬਿਨਾਂ ਹੈਲਮਟ ਚਲਾਉਣ ਅਤੇ ਟ੍ਰਿਪਲ ਰਾਈਡਿੰਗ ਦੇ ਮਾਮਲਿਆਂ ਵਿੱਚ ਵੀ ਇੱਕ-ਇੱਕ ਚਲਾਣ ਕੀਤਾ ਗਿਆ। ਇਹ ਕਾਰਵਾਈ ਟ੍ਰੈਫਿਕ ਇੰਚਾਰਜ ਮਲਕੀਤ ਸਿੰਘ ਮਾਵੀ ਅਤੇ ਏਐਸਆਈ ਧੰਨ ਸਿੰਘ ਸੈਣੀ ਦੀ ਅਗਵਾਈ ਹੇਠ ਅਮਲ ਵਿੱਚ ਲਿਆਂਦੀ ਗਈ। ਟ੍ਰੈਫਿਕ ਪੁਲਿਸ ਨੇ ਸਪੱਸ਼ਟ ਕੀਤਾ ਕਿ ਇਸ ਤਰ੍ਹਾਂ ਦੀਆਂ ਮੁਹਿੰਮਾਂ ਦਾ ਮੁੱਖ ਉਦੇਸ਼ ਸ਼ਹਿਰ ਵਿੱਚ ਟ੍ਰੈਫਿਕ ਪ੍ਰਬੰਧਨ ਨੂੰ ਸੁਧਾਰਨਾ ਅਤੇ ਆਮ ਲੋਕਾਂ ਵਿੱਚ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਤੇ ਦੂਜਿਆਂ ਦੀ ਸੁਰੱਖਿਆ ਲਈ ਨਿਯਮਾਂ ਦੀ ਪਾਲਣਾ ਜ਼ਰੂਰ ਕਰਨ।

# ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਲਗਾਏ ਗਏ ਹੈਂਡ ਵਾਸ਼ ਸਟੇਸ਼ਨ ਦਾ ਉਦਘਾਟਨ ਕਰਦੇ ਹੋਏ ਰੋਟ ਸਰਬਜੀਤ ਸਿੰਘ ਬੇਦੀ, ਰੋਟ ਦਿਲਬਾਗ ਸਿੰਘ ਬਾਗੀ, ਜਸਵਿੰਦਰ ਕੌਰ ਅਤੇ ਹੋਰ ਪਤਵੰਤੇ ਸੱਜਣ

## ਆਪਣੀਆਂ ਸਾਫ -ਸੁਥਰੀਆਂ ਆਦਤਾਂ ਆਪਣਾਂ ਕੇ ਹੀ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ -ਬਾਬਾ ਸਰਬਜੀਤ ਬੇਦੀ



**ਬੰਗਾ 30 ਅਪ੍ਰੈਲ( ਚਰਨਜੀਤ ਸੱਲ੍ਹਾ )**ਰੋਟਰੀ ਕਲੱਬ ਬੰਗਾ ਗ੍ਰੀਨ ਸਮਾਜ ਸੇਵਾ ਦੀ ਲੜੀ ਨੂੰ ਅੱਗੇ ਤੋਰਦਿਆਂ ਅਤੇ ਲੋਕ ਭਲਾਈ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਦਿਆਂ ਰੋਟਰੀ ਡਿਸਟ੍ਰਿਕਟ 3070 ਤੋਂ ਗਲੋਬਲ ਗਰਾਂਟ ਰਾਹੀਂ ਪ੍ਰਾਪਤ ਹੋਏ ਪੰਜ ਹੈਂਡ ਵਾਸ਼ ਸਟੇਸ਼ਨਾਂ ਅਤੇ ਹੱਥ ਧੋਣ ਵਾਲੇ ਸਾਬਣ ਦੀਆਂ ਪੰਦਰਾਂ ਪੇਟੀਆਂ ਵਿੱਚੋਂ ਇਕ ਹੈਂਡ ਵਾਸ਼ ਸਟੇਸ਼ਨ ਅਤੇ ਤਿੰਨ ਪੇਟੀਆ ਸਾਬਣ ਦੀਆ ਨਾਲ ਬਾਬਾ ਗੋਲਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਲਗਾਇਆ ਗਿਆ। ਇਸ ਦਾ ਸ਼ੁਭ ਉਦਘਾਟਨ ਰੋਟ ਸਰਬਜੀਤ ਸਿੰਘ ਬੇਦੀ ਨੇ ਰਿਬਨ ਕੱਟ ਕੇ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਬੱਚਿਆਂ ਨੂੰ ਹੱਥ ਧੋਣ ਦੀ ਮਹੱਤਤਾ, ਸਫਾਈ ਅਤੇ ਚੰਗੀ ਸਿਹਤ ਨਾਲ ਜੁੜੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਾਫ-ਸੁਥਰੀਆਂ ਆਦਤਾਂ ਅਪਣਾ ਕੇ ਅਨੇਕਾਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਕਲੱਬ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ, ਰੋਟ ਸ਼ਮਿੰਦਰ ਸਿੰਘ ਗਰਚਾ ਅਤੇ ਰੋਟ ਡਾਕਟਰ ਬਲਵੀਰ ਕੁਮਾਰ ਨੇ ਸਾਂਝੇ ਤੌਰ ਤੇ ਕਲੱਬ ਦੀਆਂ ਸਮਾਜ ਸੇਵੀ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਸਿੱਖਿਆ, ਸਿਹਤ ਸੇਵਾਵਾਂ, ਵਾਤਾਵਰਨ ਸੰਭਾਲ, ਲੋੜਵੰਦਾਂ ਦੀ ਸਹਾਇਤਾ ਅਤੇ ਮਨੁੱਖਤਾ ਦੀ ਭਲਾਈ ਲਈ ਹਮੇਸ਼ਾਂ ਅੱਗੇ ਰਹਿੰਦਾ ਹੈ। ਸੀਨੀਅਰ ਲੈਕਚਰਾਰ ਰੋਟ ਬਿੰਦੂ ਕੈਂਥ ਨੇ ਕਲੱਬ ਦੇ ਮੈਂਬਰਾਂ ਅਤੇ ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਸਮਾਜ ਵਿੱਚ ਉਹੀ ਸੰਸਥਾਵਾਂ ਸਨਮਾਨ ਦੀ ਹੱਕਦਾਰ ਹੁੰਦੀਆਂ ਹਨ ਜੋ ਨਿਸਵਾਰਥ ਹੋ ਕੇ ਲੋਕ ਸੇਵਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਸਕੂਲ ਵਿੱਚ ਲਗਾਇਆ ਗਿਆ ਹੈਂਡ ਵਾਸ਼ ਸਟੇਸ਼ਨ ਵਿਦਿਆਰਥੀਆਂ ਲਈ ਬਹੁਤ ਲਾਭਕਾਰੀ ਸਾਬਤ ਹੋਵੇਗਾ ਅਤੇ ਇਸ ਨਾਲ ਬੱਚਿਆਂ ਵਿੱਚ ਸਫਾਈ, ਅਨੁਸ਼ਾਸਨ ਅਤੇ ਚੰਗੀਆਂ ਆਦਤਾਂ ਪ੍ਰਤੀ ਜਾਗਰੂਕਤਾ ਵਧੇਗੀ। ਸਕੂਲ ਪ੍ਰਿੰਸੀਪਲ ਜਸਵਿੰਦਰ ਕੌਰ ਨੇ ਕਲੱਬ ਵਲੋਂ ਲਗਾਏ ਗਏ ਹੈਂਡ ਵਾਸ਼ ਸਟੇਸ਼ਨ ਲਈ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਰੋਜ਼ਾਨਾ ਜੀਵਨ ਵਿੱਚ ਸਫਾਈ ਦੀ ਮਹੱਤਤਾ ਸਮਝਣ ਵਿੱਚ ਮਦਦ ਮਿਲੇਗੀ। ਇਸ ਮੌਕੇ ਰੋਟ ਐਡਵੋਕੇਟ ਰਾਮ ਤੀਰਥ, ਰੋਟ ਰਣਜੀਤ ਸਿੰਘ ਕੰਦੋਲਾ, ਰੋਟ ਸੁੱਖਵਿੰਦਰ ਸਿੰਘ ਧਾਮੀ, ਰੋਟ ਬਲਦੇਵ ਸਿੰਘ ਧੁਨੇ, ਰੋਟ ਰਣਵੀਰ ਸਿੰਘ ਰਾਣਾ, ਰੋਟ ਭੁਪੇਸ਼ ਕੁਮਾਰ ਅਤੇ ਰੋਟ ਹਰਪ੍ਰੀਤ ਸਿੰਘ ਸੈਣੀ ਸਮੇਤ ਹੋਰ ਮੈਂਬਰ ਹਾਜ਼ਰ ਸਨ।

# ਉਦਯੋਗਿਕ ਕਾਮਿਆਂ ਦੀ ਸੁਰੱਖਿਆ ਲਈ ਤਿੰਨ ਦਿਨਾਂ ਦਾ ਫਰਸਟ ਏਡ ਟ੍ਰੇਨਿੰਗ ਕੈਂਪ ਸਫਲਤਾਪੂਰਵਕ ਸੰਪੰਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਆਸ਼ਿਕਾ ਜੈਨ ਦੀ ਯੋਗ ਅਗਵਾਈ ਹੇਠ ਮਨੁੱਖਤਾ ਦੀ ਸੇਵਾ ਅਤੇ ਉਦਯੋਗਿਕ ਸੁਰੱਖਿਆ ਨੂੰ ਸਮਰਪਿਤ ਇੱਕ ਮਹੱਤਵਪੂਰਨ ਪਹਿਲ ਤਹਿਤ ਲੁਧਿਆਣਾ ਬੇਵਰੇ-ਜਿਜ਼ ਪ੍ਰਾਈਵੇਟ ਲਿਮਿਟਡ, ਹੁਸ਼ਿਆਰਪੁਰ ਵਿੱਚ ਤਿੰਨ ਦਿਨਾਂ ਦਾ ਫਰਸਟ ਏਡ ਟ੍ਰੇਨਿੰਗ ਕੈਂਪ ਸਫਲਤਾਪੂਰਵਕ ਸੰਪੰਨ ਹੋਇਆ। 23 ਅਪ੍ਰੈਲ ਤੋਂ 25 ਅਪ੍ਰੈਲ 2026 ਤੱਕ ਆਯੋਜਿਤ ਇਸ ਸਿਖਲਾਈ ਕੈਂਪ ਦੌਰਾਨ, ਮਾਹਰ ਟ੍ਰੇਨਰ ਅਨੂ ਸ਼ਰਮਾ ਨੇ 60 ਉਦਯੋਗਿਕ ਕਾਮਿਆਂ ਨੂੰ ਜੀਵਨ ਬਚਾਉਣ ਦੀਆਂ ਤਕਨੀਕਾਂ ਬਾਰੇ ਵਿਹਾਰਕ ਸਿਖਲਾਈ ਦਿੱਤੀ ਅਤੇ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਟ੍ਰੇਨਿੰਗ ਕੈਂਪ ਦਾ ਮੁੱਖ ਉਦੇਸ਼ ਉਦਯੋਗਿਕ ਖੇਤਰ ਵਿੱਚ ਕੰਮ ਕਰ ਰਹੇ ਮਜ਼ਦੂਰਾਂ ਨੂੰ ਅਚਾਨਕ ਹੋਣ ਵਾਲੀਆਂ ਦੁਰਘਟਨਾਵਾਂ ਨਾਲ ਨਜਿੱਠਣ ਲਈ ਤਿਆਰ ਕਰਨਾ ਸੀ। ਟ੍ਰੇਨਿੰਗ ਦੌਰਾਨ ਮਸ਼ੀਨਰੀ ਨਾਲ ਲੱਗਣ ਵਾਲੀਆਂ ਚੋਟਾਂ, ਬਿਜਲੀ ਦਾ ਝਟਕਾ, ਦਿਲ ਦਾ ਦੌਰਾ, ਸਾਹ ਲੈਣ ਵਿੱਚ ਦਿੱਕਤ, ਸੀ.ਪੀ.ਆਰ, ਜ਼ਹਿਰੀਲਾ ਪ੍ਰਭਾਵ, ਨਕਸੀਰ, ਸੜਨ, ਹੱਡੀ ਟੁੱਟਣਾ, ਘੁੱਟਣਾ, ਪੱਟੀ ਬੰਨ੍ਹਣਾ, ਮੋਚ, ਪੱਸਲੀਆਂ ਦੀ ਚੋਟ ਅਤੇ ਹੋਰ ਐਮਰਜੈਂਸੀ ਹਾਲਾਤਾਂ ਵਿੱਚ ਫਰਸਟ ਏਡ ਚਿਕਿਤਸਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਸੱਪ ਦੇ ਡੱਸਣ, ਬਿੱਛੂ ਜਾਂ ਕੁੱਤੇ ਦੇ ਕੱਟਣ, ਮਿਰਗੀ ਦਾ ਦੌਰਾ, ਡੁੱਬਣਾ, ਸਿਰ ਦੀ ਚੋਟ, ਲੂ ਲੱਗਣਾ, ਡੀਹਾਈਡ੍ਰੇਸ਼ਨ ਅਤੇ ਬੁਖਾਰ ਵਰਗੀਆਂ ਹਾਲਾਤਾਂ ਨਾਲ ਨਜਿੱਠਣ ਲਈ ਵੀ ਪ੍ਰੈਕਟੀਕਲ ਟ੍ਰੇਨਿੰਗ ਦਿੱਤੀ ਗਈ, ਤਾਂ ਜੋ ਕਿਸੇ ਵੀ ਐਮਰਜੈਂਸੀ ਵਿੱਚ ਸਮੇਂ ਸਿਰ ਪ੍ਰਭਾਵਸ਼ਾਲੀ ਮਦਦ ਦੇ ਕੇ ਕੀਮਤੀ ਮਨੁੱਖੀ ਜੀਵਨ ਬਚਾਇਆ ਜਾ ਸਕੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਟ੍ਰੇਨਿੰਗ ਪ੍ਰੋਗਰਾਮ ਨਾ ਸਿਰਫ ਮਜ਼ਦੂਰਾਂ ਦਾ ਆਤਮ-ਵਿਸ਼ਵਾਸ ਵਧਾਉਂਦੇ ਹਨ, ਸਗੋਂ ਕੰਮਕਾਜ ਦੀ ਥਾਂ 'ਤੇ ਸੁਰੱਖਿਆ ਸੰਸਕਾਰ ਨੂੰ ਵੀ ਮਜ਼ਬੂਤ ਬਣਾਉਂਦੇ ਹਨ। ਉਨ੍ਹਾਂ ਨੇ ਜ਼ਿਲ੍ਹੇ ਦੀਆਂ ਸਾਰੀਆਂ ਉਦਯੋਗਿਕ ਇਕਾਈਆਂ ਅਤੇ ਵਿਭਾਗਾਂ ਨੂੰ ਅਪੀਲ ਕੀਤੀ ਕਿ ਫੈਕਟਰੀ ਐਕਟ 1948 ਦੇ ਤਹਿਤ ਲਾਜ਼ਮੀ ਅਜਿਹੇ ਟ੍ਰੇਨਿੰਗ ਪ੍ਰੋਗਰਾਮ ਨਿਯਮਿਤ ਤੌਰ 'ਤੇ ਕਰਵਾਏ ਜਾਣ, ਖ਼ਾਸ ਕਰਕੇ ਉਹਨਾਂ ਉਦਯੋਗਾਂ ਵਿੱਚ ਜਿੱਥੇ 150 ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ। ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਰੈੱਡ ਕ੍ਰਾਸ ਸੋਸਾਇਟੀ ਮਿਸ਼ਨ ਮੋਡ 'ਤੇ ਕੰਮ ਕਰ ਰਹੀ ਹੈ ਤਾਂ ਜੋ ਵੱਧ ਤੋਂ ਵੱਧ ਉਦਯੋਗਿਕ ਇਕਾਈਆਂ ਨੂੰ ਇਸ ਟ੍ਰੇਨਿੰਗ ਮੁਹਿੰਮ ਨਾਲ ਜੋੜਿਆ ਜਾ ਸਕੇ।



# ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ.ਨੇ ਕੀਤੀ ਮਰਦਮਸ਼ੁਮਾਰੀ-2027 ਤਹਿਤ ਐਸ. ਬੀ. ਐਸ. ਨਗਰ ਤੋਂ ਸਵੈ-ਗਣਨਾ ਦੀ ਸ਼ੁਰੂਆਤ

## ਜ਼ਿਲ੍ਹਾ ਵਾਸੀਆਂ ਨੂੰ ਮੁਹਿੰਮ ਦੀ ਸਫਲਤਾ ਲਈ ਸਰਗਰਮੀ ਨਾਲ ਸ਼ਿਰਕਤ ਕਰਨ ਦਾ ਸੱਦਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਅਤੇ ਐਸ.ਐਸ.ਪੀ. ਤੁਸ਼ਾਰ ਗੁਪਤਾ ਵਲੋਂ ਅੱਜ ਮਰਦਮਸ਼ਮਾਰੀ-2027 ਤਹਿਤ ਆਨਲਾਈਨ ਪੋਰਟਲ https://se.cen-sus.govi.n ਉਤੇ ਜਾਣਕਾਰੀ ਸਾਂਝੀ ਲਈ ਸਵੈ ਗਣਨਾ ਪ੍ਰਕਿਰਿਆ ਦੀ ਰਸਮੀ ਤੌਰ 'ਤੇ ਸ਼ੁਰੂਆਤ ਕੀਤੀ ਗਈ। ਇਸ ਉਪਰੰਤ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਅਤੇ ਹੋਰਨਾਂ ਸੀਨੀਅਰ ਅਧਿਕਾਰੀਆਂ ਵਲੋਂ ਸਵੈ-ਗਣਨਾ ਤਹਿਤ ਆਨਲਾਈਨ ਜਾਣਕਾਰੀ ਭਰੀ ਗਈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਅਹਿਮ ਰਾਸ਼ਟਰੀ ਕਾਰਜ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਹਿਲਾਂ ਹੀ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ, ਜੋ ਕਿ ਸਮਾਜਿਕ ਅਤੇ ਆਰਥਿਕ ਤੇ ਜਨਸੰਖਿਆ ਦੇ ਡਾਟਾ ਲਈ ਇਕ ਮਹੱਤਵਪੂਰਨ ਸਰੋਜ ਵਜੋਂ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਮਰਦਮਸ਼ੁਮਾਰੀ ਵਿਕਾਸ ਮੁੱਖੀ ਯੋਜਨਾਵਾਂ ਅਤੇ ਭਲਾਈ ਸਕੀਮਾਂ ਨੂੰ ਸੁਚੱਜੇ ਢੰਗ ਨਾਲ ਬਣਾਉਣ ਅਤੇ ਨਾਗਰਿਕ ਸੇਵਾਵਾਂ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਰਵਾਇਤੀ ਢੰਗ ਤੋਂ ਆਧੁਨਿਕ ਤਰੀਕੇ ਨਾਲ ਕੀਤੀ ਜਾਣ ਵਾਲੀ ਮਰਦਮਸ਼ੁਮਾਰੀ-2027 'ਤੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਸ੍ਰੀ ਔਲਖ ਨੇ ਦੱਸਿਆ ਕਿ ਮੋਬਾਇਲ ਐਪਲੀਕੇਸ਼ਨ ਜ਼ਰੀਏ ਪਹਿਲੀ ਵਾਰ ਸਵੈ ਗਣਨਾ ਨਿਰਧਾਰਿਤ ਪੋਰਟਲ 'ਤੇ ਡਿਜੀਟਲ ਤਰੀਕੇ ਨਾਲ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਵੈ ਗਣਨਾ 30 ਅਪ੍ਰੈਲ ਤੋਂ ਲੈ ਕੇ 14 ਮਈ 2026 ਤੱਕ ਕਰਵਾਈ ਜਾ ਰਹੀ ਹੈ ਅਤੇ ਇਸ ਉਪਰੰਤ 15 ਮਈ ਤੋਂ 13 ਜੂਨ 2026 ਤੱਕ ਘਰ-ਘਰ ਜਾ ਕੇ ਸਰਵੇ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਆਬਾਦੀ ਦੀ ਗਿਣਤੀ ਸਮੇਤ ਵਿਸਥਾਰਿਤ ਸਰਵੇ ਦੂਜੇ ਪੜਾਅ ਤਹਿਤ 9 ਫਰਵਰੀ ਤੋਂ 28 ਫਰਵਰੀ 2027 ਤੱਕ ਕੀਤਾ ਜਾਵੇਗਾ। ਦੇਸ਼ ਵਿਆਪੀ ਇਸ ਮਹਾਨ ਕਾਰਜ ਵਿੱਚ ਸਰਗਰਮੀ ਨਾਲ ਸਰਕਾਰ ਨੂੰ ਲੋਕਾਂ ਦੀਆਂ ਜਰੂਰਤਾਂ ਮੁਤਾਬਕ ਲੋਕ ਪੱਖੀ ਨੀਤੀਆਂ ਬਣਾਉਣ ਵਿਚ ਮਦਦਗਾਰ ਸਾਬਿਤ ਹੋਵੇਗੀ।



# ਅਮਰੀਕਨ ਸਾਮਰਾਜ ਵਲੋਂ ਈਰਾਨ ਤੇ ਕੀਤੇ ਜੰਗੀ ਹਮਲੇ ਕਾਰਨ ਪੂਰੀ ਦੁਨੀਆ ਵਿੱਚ ਹਾਹਾਕਾਰ :ਕਰਨ ਸਿੰਘ ਰਾਣਾ

## ਤੇਲ ਦੀਆਂ ਕੀਮਤਾਂ ਵਿਚ ਭਾਰੀ ਉਛਾਲ ਅਤੇ ਮਹਿੰਗਾਈ ਵਧਣ ਦੇ ਸੰਕੇਤ

**ਨਵਾਂਸ਼ਹਿਰ 30 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਅਮਰੀਕਣ ਸਾਮਰਾਜੀ ਜੁੰਡਲੀ ਵਲੋਂ ਈਰਾਨ ਤੇ ਕੀਤੇ ਇੱਕ ਪਾਸੜ ਹਮਲੇ ਕਾਰਨ ਪੂਰੀ ਦੁਨੀਆ ਦੇ ਹਾਲਾਤ ਬਹੁਤ ਹੀ ਤਨਾਅਪੂਰਨ ਕਰ ਦਿੱਤਾ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕੌ ਕੱਚੇ ਤੇਲੀਆਂ ਕੀਮਤਾਂ 128 ਡਾਲਰ ਪ੍ਰਤੀ ਬੈਰਲ ਤੇ ਪੁੱਜ ਗਈਆਂ ਹਨ ਅਤੇ ਹਾਲਾਤ ਹੋਰ ਤਨਾਵਪੂਰਨ ਹੁੰਦੇ ਨਜ਼ਰ ਆ ਰਹੇ ਹਨ ਅਤੇ ਇਸ ਕਰਕੇ ਕੀਮਤ 142 ਡਾਲਰ ਪ੍ਰਤੀ ਬੈਰਲ ਤੇ ਪੁੱਜ ਸਕਦੀ ਹੈ। ਇਸੇ ਤਰ੍ਹਾਂ ਡਾਲਰ ਦੇ ਮੁਕਾਬਲੇ ਰੁਪਈਆਂ ਟੁੱਟ ਕੇ 95 ਪਾਰ ਹੋ ਚੁੱਕਾ ਹੈ। ਇਹਨਾਂ ਸੰਕੇਤਾਂ ਤੋਂ ਬਹੁਤ ਸਾਫ ਹੈ ਕਿ ਡੀਜ਼ਲ ਪੈਟਰੋਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ



ਆਵੇਗਾ ਅਤੇ ਦੇਸ਼ ਅੰਦਰ ਮਹਿੰਗਾਈ ਬਹੁਤ ਤੇਜੀ ਨਾਲ ਵਧੇਗੀ।ਉਨ੍ਹਾਂ ਨੇ ਕਿਹਾ ਸਾਡੇ ਦੇਸ਼ ਦੀ ਸਰਕਾਰ ਦੀ ਵਿਦੇਸ਼ ਨੀਤੀ ਪੂਰੀ ਤਰ੍ਹਾਂ ਨਾਲ ਫੇਲ੍ਹ ਹੋ ਚੁੱਕੀ ਹੈ ਜਿਸ ਦਾ ਭਾਰਤ ਤੇ ਬਹੁਤ ਮਾੜਾ ਅਸਰ ਪੈਣ ਜਾ ਰਿਹਾ ਹੈ। ਉਹਨਾਂ ਕਿਹਾ ਕਿ ਦੁਨੀਆ ਭਰ ਦੇ ਇਨਸਾਫ ਪਸੰਦ ਲੋਕਾਂ ਨੂੰ ਅਮਰੀਕਾ ਸਾਮਰਾਜ ਨੂੰ ਜੰਗ ਵਲ ਵਧਣ ਤੋਂ ਰੋਕਣਾ ਹੋਵੇਗਾ। ਮਿਡਲ ਈਸਟ ਦੇ ਹਾਲਾਤ ਬਹੁਤ ਹੀ ਖ਼ਤਰਨਾਕ ਦੌਰ ਵੱਲ ਵਧ ਰਹੇ ਹਨ ਇਸ ਲਈ ਕੇਂਦਰ ਸਰਕਾਰ ਤੇਲ, ਗੈਸ ਅਤੇ ਖਾਦਾਂ ਦੀ ਸਪਲਾਈ ਸਹੀ ਰੇਟ ਤੇ ਕਰਨਾ ਯਕੀਨੀ ਬਣਾਵੇ ਅਤੇ ਮਹਿੰਗਾਈ ਨੂੰ ਰੋਕਣ ਲਈ ਠੋਸ ਬੰਦੋਬਸਤ ਕਰੇ।

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਜੂਨੀਅਰ ਵਿਦਿਆਰਥੀਆਂ ਨੇ ਸੀਨੀਅਰ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਯਾਦਾਂ, ਖੁਸ਼ੀ ਅਤੇ ਦਿਲੀ ਭਾਵਨਾਵਾਂ ਨਾਲ ਭਰੇ ਮਾਹੌਲ ਵਿੱਚ, ਬੀ.ਏ. ਸਮੈਸਟਰ IV ਦੇ ਵਿਦਿਆਰਥੀਆਂ ਨੇ ਸਿੱਖ ਨੈਸ਼ਨਲ ਕਾਲਜ, ਬੰਗਾ ਵਿਖੇ ਬੀ.ਏ. ਸਮੈਸਟਰ ਡ਼ੀ ਦੇ ਆਪਣੇ ਸੀਨੀਅਰ ਵਿਦਿਆਰਥੀਆਂ ਲਈ ਇੱਕ ਯਾਦਗਾਰੀ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ। ਇਹ ਮੌਕਾ ਸਿਰਫ਼ ਇੱਕ ਰਸਮੀ ਇਕੱਠ ਨਹੀਂ ਸੀ, ਸਗੋਂ ਸਬੰਧਾਂ, ਯਾਦਾਂ ਅਤੇ ਸਾਂਝੀਆਂ ਯਾਤਰਾਵਾਂ ਦਾ ਜਸ਼ਨ ਸੀ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ, ਡਾ. ਤਰਸੇਮ ਸਿੰਘ ਦੇ ਸ਼ਾਨਦਾਰ ਆਗਮਨ ਨਾਲ ਹੋਈ, ਜਿਨ੍ਹਾਂ ਦਾ ਡਾ. ਰਾਜੇਸ਼ ਕੁਮਾਰ ਸ਼ਰਮਾ, ਇੰਚਾਰਜ ਆਰਟਸ ਐਂਡ ਹਿਊਮੈਨਟੀਜ਼, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਨਿੱਘਾ ਸਵਾਗਤ ਕੀਤਾ। ਗੁਲਦਸਤਿਆਂ ਅਤੇ ਤਾੜੀਆਂ ਨਾਲ ਭਰੇ ਇਸ ਸਵਾਗਤ ਨੇ ਜਸ਼ਨ ਲਈ ਇੱਕ ਸ਼ਾਨਦਾਰ ਅਤੇ ਸਤਿਕਾਰਯੋਗ ਸੁਰ ਸਥਾਪਤ ਕੀਤੀ। ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ, ਪ੍ਰਿੰਸੀਪਲ, ਡਾ. ਤਰਸੇਮ ਸਿੰਘ ਨੇ ਅਜਿਹੇ ਸ਼ਾਨਦਾਰ ਸਮਾਗਮ ਦੇ ਆਯੋਜਨ ਵਿੱਚ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਬਾਹਰ ਜਾਣ ਵਾਲੇ ਵਿਦਿਆਰਥੀਆਂ ਨੂੰ ਇੱਕ ਮਹੱਤਵਪੂਰਨ ਮੀਲ ਪੱਥਰ 'ਤੇ ਪਹੁੰਚਣ 'ਤੇ ਵਧਾਈ ਦਿੱਤੀ ਅਤੇ ਜ਼ੋਰ ਦਿੱਤਾ ਕਿ ਸਿੱਖਿਆ ਸਿਰਫ਼ ਡਿਗਰੀਆਂ ਪ੍ਰਾਪਤ ਕਰਨ ਬਾਰੇ ਨਹੀਂ ਹੈ, ਸਗੋਂ ਚਰਿੱਤਰ ਨਿਰਮਾਣ, ਲਚਕੀਲਾਪਣ ਅਤੇ ਸਿੱਖਣ ਪ੍ਰਤੀ ਜੀਵਨ ਭਰ ਵਚਨਬੱਧਤਾ ਬਾਰੇ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਭਵਿੱਖ ਵਿੱਚ ਆਤਮਵਿਸ਼ਵਾਸ ਨਾਲ ਕਦਮ ਰੱਖਣ ਅਤੇ ਸੰਸਥਾ ਦੇ ਮੁੱਲਾਂ ਅਤੇ ਮਾਣ ਨੂੰ ਬਰਕਰਾਰ ਰੱਖਣ ਲਈ ਉਤਸ਼ਾਹਿਤ ਕੀਤਾ। ਇਸ ਤੋਂ ਬਾਅਦ, ਡਾ. ਰਾਜੇਸ਼ ਕੁਮਾਰ ਸ਼ਰਮਾ ਨੇ ਸਵਾਗਤੀ ਭਾਸ਼ਣ ਦਿੱਤਾ, ਵਿਦਾਇਗੀ ਦੇ ਮਹੱਤਵ ਨੂੰ ਉਨ੍ਹਾਂ ਪਲਾਂ ਵਜੋਂ ਦਰਸਾਉਂਦੇ ਹੋਏ ਜਿੱਥੇ ਅੰਤ ਨਵੀਂ ਸ਼ੁਰੂਆਤ ਵਿੱਚ ਬਦਲ ਜਾਂਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿੱਖਣ, ਇਮਾਨਦਾਰੀ ਅਤੇ ਲਗਨ ਦੇ ਮੁੱਲਾਂ ਨੂੰ ਅੱਗੇ ਵਧਾਉਣ ਅਤੇ ਭਵਿੱਖ ਦੀਆਂ ਚੁਣੌਤੀਆਂ ਨੂੰ ਆਸ਼ਾਵਾਦ ਅਤੇ ਦ੍ਰਿੜਤਾ ਨਾਲ ਅਪਣਾਉਣ ਲਈ ਪ੍ਰੇਰਿਤ ਕੀਤਾ।



# ਜੇਜੋਂ-ਫਗਵਾੜਾ ਰੇਲ ਫਿਰ ਤੋਂ ਸ਼ੁਰੂ ਹੋਣ ਨਾਲ ਲੋਕਾਂ 'ਚ ਖੁਸ਼ੀ ਦੀ ਲਹਿਰ - ਡਾ. ਇਸ਼ਾਂਕ ਕੁਮਾਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਜੇਜੋਂ-ਫਗਵਾੜਾ ਰੇਲ ਸੇਵਾ ਦੀ ਸ਼ੁਰੂਆਤ ਮੌਕੇ ਕਿਹਾ ਕਿ ਇਹ ਰੇਲ ਸੰਪਰਕ ਸ਼ੁਰੂ ਹੋਣ ਨਾਲ ਨਾ ਸਿਰਫ਼ ਲੋਕਾਂ ਦੀ ਚਿਰੋਕਲੀ ਮੰਗ ਪੂਰੀ ਹੋਈ ਹੈ ਸਗੋਂ ਇਸ ਨਾਲ ਕੰਢੀ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਦੇ ਵਸਨੀਕਾਂ ਨੂੰ ਵੀ ਸੁਖਾਲੀ ਆਵਾਜਾਈ ਦੀ ਵੱਡੀ ਸਹੂਲਤ ਮਿਲੇਗੀ। ਜੇਜੋਂ ਰੇਲਵੇ ਸਟੇਸ਼ਨ ਤੋਂ ਬੀਤੇ ਦਿਨ ਫਗਵਾੜਾ ਲਈ ਰੇਲ ਨੂੰ ਝੰਡੀ ਦੇ ਕੇ ਰਵਾਨਾ ਕਰਦਿਆਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਕੰਢੀ ਖੇਤਰ ਨੂੰ ਪੰਜਾਬ ਦੇ ਵੱਖ-ਵੱਖ ਕੋਨਿਆਂ ਨਾਲ ਜੋੜਨ ਵਾਲਾ ਇਹ ਮੁੱਖ ਰੇਲ ਸੰਪਰਕ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਸੀ ਜਿਸ ਨਾਲ ਲੋਕ ਰੇਲ ਆਵਾਜਾਈ ਦੀ ਸਹੂਲਤ ਤੋਂ ਵਾਂਝੇ ਹੋ ਗਏ ਸਨ। ਉਨ੍ਹਾਂ ਕਿਹਾ ਕਿ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਪਹਿਲਾਂ ਲੋਕ ਸਭਾ ਅਤੇ ਫਿਰ ਨਿੱਜੀ ਤੌਰ ’ਤੇ ਕੇਂਦਰੀ ਰੇਲ ਮੰਤਰੀ ਕੋਲ ਇਹ ਜਨਤਕ ਮੁੱਦਾ ਰੱਖਿਆ ਜਿਸ ਉਪਰੰਤ ਹੁਣ ਇਹ ਰੇਲ ਸੇਵਾ ਸ਼ੁਰੂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜੇਜੋਂ ਵਪਾਰਕ ਗਤੀਵਿਧੀਆਂ ਦਾ ਧੁਰਾ ਰਿਹਾ ਹੈ ਜਿਸ ਕਰਕੇ ਦੋਆਬਾ ਖੇਤਰ ਵਿਚ ਇਸ ਖਿੱਤੇ ਦੀ ਵਿਲੱਖਣ ਮਹੱਤਤਾ ਹੈ। ਉਨ੍ਹਾਂ ਕਿਹਾ ਕਿ ਰੇਲ ਸੇਵਾ ਸ਼ੁਰੂ ਹੋਣ ਨਾਲ ਜੇਜੋਂ ਤੋਂ ਨਵਾਂਸ਼ਹਿਰ ਵਾਇਆ ਸੈਲਾ-ਗੜ੍ਹਸ਼ੰਕਰ ਅਤੇ ਨਵਾਂਸ਼ਹਿਰ ਤੋਂ ਫਗਵਾੜਾ ਤੱਕ ਦੀ ਆਵਾਜਾਈ ਬੇਹੱਦ ਸੁਖਾਲੀ ਹੋ ਜਾਵੇਗੀ।ਡਾ. ਇਸ਼ਾਂਕ ਕੁਮਾਰ ਨੇ ਦੱਸਿਆ ਕਿ ਸ਼ੁਰੂਆਤ ਦੌਰਾਨ ਇਹ ਰੇਲ ਸੇਵਾ ਵੀਰਵਾਰ ਅਤੇ ਐਤਵਾਰ ਨੂੰ ਛੱਡ ਕੇ ਹਫ਼ਤੇ ਵਿਚ ਪੰਜ ਦਿਨ ਚੱਲੇਗੀ ਜਿਹੜੀ ਕਿ ਸਵੇਰੇ 10:20 ਵਜੇ ਫਗਵਾੜਾ ਤੋਂ ਚੱਲ ਕੇ ਦੁਪਹਿਰ 1:20 ਵਜੇ ਜੇਜੋਂ ਦੋਆਬਾ ਪਹੁੰਚੇਗੀ ਅਤੇ ਦੁਪਹਿਰ 1:45 ਵਜੇ ਜੇਜੋਂ ਦੋਆਬਾ ਤੋਂ ਚੱਲ ਕੇ ਸ਼ਾਮ 5:00 ਵਜੇ ਫਗਵਾੜਾ ਪਹੁੰਚੇਗੀ।



# ਸੰਜੀਵ ਤਲਵਾੜ ਦੀ ਅਗਵਾਈ ਹੇਠ ਐਸ.ਡੀ.ਐਮ. ਦਫ਼ਤਰ ਅੱਗੇ ਬਿਜਲੀ ਦੇ ਲੱਗ ਰਹੇ ਅਣਐਲਾਨੇ ਕੱਟਾਂ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਵਲੋਂ ਰੋਸ ਪ੍ਰਦਰਸ਼ਨ







**ਹੁਸ਼ਿਆਰਪੁਰ 30 ਅਪ੍ਰੈਲ ( ਤਰਸੇਮ ਦੀਵਾਨਾ )** - ਪੰਜਾਬ ਵਿੱਚ ਲਗਾਤਾਰ ਲੱਗ ਰਹੇ ਬਿਜਲੀ ਕੱਟਾਂ ਅਤੇ ਸਰਕਾਰ ਦੀਆਂ ਨਾਕਾਮੀਆਂ ਦੇ ਵਿਰੋਧ ਵਿੱਚ ਅੱਜ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਇੰਚਾਰਜ ਸੰਜੀਵ ਤਲਵਾੜ ਦੀ ਅਗਵਾਈ ਹੇਠ ਐਸ.ਡੀ.ਐਮ. ਦਫ਼ਤਰ ਦੇ ਬਾਹਰ ਇੱਕ ਪ੍ਰਭਾਵਸ਼ਾਲੀ ਰੋਸ ਧਰਨਾ ਦਿੱਤਾ ਗਿਆ।

ਇਸ ਪ੍ਰਦਰਸ਼ਨ ਦੌਰਾਨ ਅਕਾਲੀ ਦਲ ਦੇ ਵਰਕਰਾਂ ਨੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਲੋਕਾਂ ਨੂੰ ਪੱਖੇ ਵੰਡ ਕੇ ਆਪਣਾ ਰੋਸ ਜ਼ਾਹਿਰ ਕੀਤਾ । ਬਿਜਲੀ ਦੇ ਲੱਗ ਰਹੇ ਕੱਟਾਂ ਦੇ ਵਿਰੋਧ ਵਿੱਚ ਦਿੱਤੇ ਗਏ ਧਰਨੇ ਵਿੱਚ ਨੀਤੀ ਤਲਵਾੜ ਦੀ ਰਹਿਨੁਮਾਈ ਹੇਠ ਸੈਂਕੜਿਆਂ ਦੀ ਗਿਣਤੀ ਵਿੱਚ ਮਹਿਲਾਵਾਂ ਨੇ ਭਾਗ ਲਿਆ, ਜਿਸ ਨਾਲ ਇਹ ਸਪੱਸ਼ਟ ਹੋ ਗਿਆ ਕਿ ਮੌਜੂਦਾ ਸਰਕਾਰ ਦੀਆਂ ਨੀਤੀਆਂ ਤੋਂ ਸਮਾਜ ਦਾ ਹਰ ਵਰਗ ਨਾਰਾਜ਼ ਹੈ।

ਧਰਨੇ ਨੂੰ ਸੰਬੋਧਨ ਕਰਦਿਆਂ ਸਾਬਕਾ ਰਾਜ ਸਭਾ ਮੈਂਬਰ ਵਰਿੰਦਰ ਸਿੰਘ ਬਾਜਵਾ ਅਤੇ ਸਾਬਕਾ ਕੈਬਨਿਟ ਮੰਤਰੀ ਸੋਹਨ ਸਿੰਘ ਠੰਡਲ ਨੇ ਸਰਕਾਰ 'ਤੇ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਹਰ ਮੋਰਚੇ 'ਤੇ ਨਾਕਾਮ ਰਹੀ ਹੈ ਅਤੇ ਆਮ ਜਨਤਾ ਬੁਨਿਆਦੀ ਸਹੂਲਤਾਂ ਲਈ ਤਰਸ ਰਹੀ ਹੈ।

ਇਸ ਮੌਕੇ

ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਜਤਿੰਦਰ ਲਾਲੀ ਬਾਜਵਾ ਅਤੇ ਜ਼ਿਲ੍ਹਾ ਪ੍ਰਧਾਨ (ਦਿਹਾਤੀ) ਲਖਵਿੰਦਰ ਸਿੰਘ ਲੱਖੀ ਨੇ ਵੀ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਕਰੜੇ ਸ਼ਬਦਾਂ ਵਿੱਚ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨਿਕੰਮੀ ਸਰਕਾਰ ਦੇ ਚਲਦਿਆਂ ਅੱਜ ਹਰ ਕਿਸਾਨ, ਕਾਰੋਬਾਰੀ ਅਤੇ ਦੁਕਾਨਦਾਰ ਦੁਖੀ ਹੈ। ਬਿਜਲੀ ਪ੍ਰਬੰਧਨ ਵਿੱਚ ਲਾਪਰਵਾਹੀ ਕਾਰਨ ਇਹ ਹਾਲਾਤ ਪੈਦਾ ਹੋਏ ਹਨ। ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਧਰਨੇ ਵਿੱਚ ਪਹੁੰਚੇ ਸਾਰੇ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ, “ਸ਼੍ਰੋਮਣੀ ਅਕਾਲੀ ਦਲ ਦੀ ਇੱਕਜੁਟਤਾ ਹੀ ਹੁਸ਼ਿਆਰਪੁਰ ਵਿੱਚ ਪਾਰਟੀ ਦਾ ਝੰਡਾ ਬੁਲੰਦ ਕਰੇਗੀ। ਸਰਕਾਰ ਦੀਆਂ ਨਾਕਾਮੀਆਂ ਅਤੇ ਅਕਾਲੀ ਦਲ ਦੇ ਸ਼ਾਸਨ ਦੌਰਾਨ ਕੀਤੇ ਗਏ ਵਿਕਾਸ ਕਾਰਜ ਸਾਡੀ ਜਿੱਤ ਦਾ ਅਧਾਰ ਬਣਨਗੇ।”

ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਪਾਰਟੀ ਹੁਣ ਪੂਰੇ ਜੋਸ਼ ਨਾਲ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਦੀ ਤਿਆਰੀ ਵਿੱਚ ਜੁੱਟ ਗਈ ਹੈ। ਇਸ ਮੌਕੇ ਹਲਕੇ ਦੀ ਸਮੂਹ ਲੀਡਰਸ਼ਿਪ ਨੇ ਇਕੱਠੇ ਹੋ ਕੇ ਇਹ ਸਪੱਸ਼ਟ ਸੰਦੇਸ਼ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਇਕਜੁੱਟ ਹੋ ਕੇ ਹੁਸ਼ਿਆਰਪੁਰ ਵਿਧਾਨ ਸਭਾ ਖੇਤਰ ਵਿੱਚ ਆਪਣੀ ਮਜ਼ਬੂਤ ਵਾਪਸੀ ਕਰੇਗਾ। ਧਰਨੇ ਵਿੱਚ ਪਾਰਟੀ ਦੇ ਸੀਨੀਅਰ ਆਗੂਆਂ ਸਮੇਤ ਭਾਰੀ ਗਿਣਤੀ ਵਿੱਚ ਵਰਕਰ ਮੌਜੂਦ ਸਨ ਇਸ ਮੌਕੇ ਐਡਵੋਕੇਟ ਸ਼ਮਸੇਰ ਸਿੰਘ ਭਾਰਦਵਾਜ, ਇਕਬਾਲ ਸਿੰਘ ਗੋਪੀ, ਬੱਬੂ ਬਜਵਾੜਾ ਆਦਿ ਹਾਜ਼ਰ ਸਨ ।

**ਫੋਟੋ ਅਜਮੇਰ ਦੀਵਾਨਾ**

# ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਸਕੂਲ ਦੇ ਸਾਰੇ ਮਿਹਨਤੀ ਕਰਮਚਾਰੀਆਂ ਨੂੰ ਸਨਮਾਨਿਤ ਕਰਕੇ ਮਨਾਇਆ ਗਿਆ ਮਜ਼ਦੂਰ ਦਿਵਸ

**(ਸਮਾਜ ਵੀਕਲੀ) ਸੰਦੀਪ ਸਿੰਘ ਬਖੋਪੀਰ:**-ਸਕੂਲ ਦੇ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ "ਅੱਜ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿੱਚ ਸਕੂਲ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ,ਮੈਨੇਜਰ ਸਰਦਾਰ ਸਰਬਜੀਤ ਸਿੰਘ ਜੀ ,ਪ੍ਰਬੰਧਕ ਡਾਇਰੈਕਟਰ ਡਾ: ਗੁਰਮੀਤ ਸਿੰਘ ਜੀ ਦੀ ਯੋਗ ਅਗਵਾਈ ਸਦਕਾ ਸਕੂਲ ਦੇ ਸਟਾਫ਼ ਸਮੇਤ ਸਮੂਹ ਮਿਹਨਤੀ ਕਰਮਚਾਰੀਆਂ ਨੂੰ ਸਨਮਾਨਿਤ ਕਰਕੇ ਲੇਬਰ ਡੇ ਮਨਾਇਆ ਗਿਆ । ਜਿਸ ਵਿੱਚ ਸਕੂਲੀ ਵਿਦਿਆਰਥੀਆਂ ਵੱਲੋਂ ਸਕੂਲ ਦੇ ਹਰ ਪੜਾਅ ਨਾਲ ਜੁੜੇ ਵੱਖ-ਵੱਖ ਕਰਮਚਾਰੀਆਂ ਦੀ ਤਾਰੀਫ਼ ਕਰਦਾ ਇੱਕ ਨੁੱਕੜ ਨਾਟਕ" ਮਿਹਨਤੀ ਹੱਥ" ਖੇਡਿਆ ਗਿਆ । ਜਿਸ ਰਾਹੀਂ ਸਕੂਲ ਦੇ ਹਰ ਇੱਕ ਪੱਖ ਨਾਲ ਜੁੜੇ ਵੱਖ-ਵੱਖ ਕਰਮਚਾਰੀਆਂ ਦੇ ਰੋਲ ਨੂੰ ਨਿਭਾ ਕੇ, ਉਹਨਾਂ ਦੇ ਸਤਿਕਾਰ ਵਿੱਚ ਉਹਨਾਂ ਦੀ ਉਸਤਤਿ ਵਿੱਚ ਬਹੁਤ ਹੀ ਪਿਆਰੀ ਪੇਸ਼ਕਾਰੀ ਕੀਤੀ ਗਈ। ਸਕੂਲ ਵਿੱਚ ਬਣੇ ਚਾਰ ਹਾਊਸਾਂ ਦੇ ਵੱਖ-ਵੱਖ ਇੰਚਾਰਜ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਮਜ਼ਦੂਰ ਦਿਵਸ ਉੱਪਰ ਆਪਣੇ ਭਾਸ਼ਣ, ਕਵਿਤਾਵਾਂ, ਅਤੇ ਗੀਤ ਪੇਸ਼ ਕੀਤੇ ਅਤੇ ਦੁਨੀਆਂ ਦੇ ਸਾਰੇ ਮਿਹਨਤਕਸ਼ ਲੋਕਾਂ ਨੂੰ 'ਲਾਲ ਸਲਾਮ' ਭੇਟ ਕੀਤਾ






ਗਿਆ,ਮੌਕੇ ਤੇ ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਨੇ ਧੰਨ ਧੰਨ ਸ਼੍ਰੀ ਗੁਰੂ ਅਮਰਦਾਸ ਜੀ ਮਹਾਰਾਜ ਜੀ ਦੇ ਜਨਮ ਦਿਵਸ ਦੀਆਂ ਵਧਾਈਆਂ ਦੇਣ ਦੇ ਨਾਲ-ਨਾਲ ਲੇਬਰ ਡੇ ਦੇ ਉੱਪਰ ਇੱਕ ਰਸਮੀ ਭਾਸ਼ਣ ਪੜ੍ਹਿਆ ਅਤੇ ਦੁਨੀਆਂ ਦੇ ਸਾਰੇ ਮਿਹਨਤੀ ਹੱਥਾਂ ਨੂੰ 'ਲਾਲ ਸਲਾਮ ਕਿਹਾ', ਮੌਕੇ ਉੱਤੇ ਹੀ ਐਕਟੀਵਿਟੀ ਇੰਚਾਰਜ ਸੰਦੀਪ ਸਿੰਘ ਵੱਲੋਂ ਲੇਬਰ ਦਿਵਸ ਸਬੰਧੀ ਡੂੰਘਾਈ ਨਾਲ ਜਾਣਕਾਰੀ ਦਿੰਦਾ ਇੱਕ ਲੇਖ ਪੜ੍ਹਿਆ ,ਸਨਮੀਤ ਸਰ ਵੱਲੋਂ ਸੰਤ ਰਾਮ ਉਦਾਸੀ ਜੀ ਦੀ ਕਵਿਤਾ 'ਕਮਿਆਂ ਦੇ ਵਿਹੜੇ ' ਪੜ੍ਹ ਕੇ ਉਸ ਦੀ ਵਿਆਖਿਆ ਕੀਤੀ ਗਈ। ਚਾਰੋਂ ਹਾਊਸ ਦੇ ਇੰਚਾਰਜ ਅਧਿਆਪਕਾਂ ਵੱਲੋਂ ਮਜ਼ਦੂਰ ਦਿਵਸ ਉੱਪਰ ਦੁਨੀਆਂ ਦੇ ਸਾਰੇ ਕੋਨਿਆਂ ਵਿੱਚ ਵਸਦੇ ਮਿਹਨਤੀ ਇਨਸਾਨਾਂ ਨੂੰ "ਲਾਲ ਸਲਾਮ" ਕਹਿ ਕੇ ਉਹਨਾਂ ਦੀ ਉਸਤਤ ਦੇ ਵਿੱਚ ਵਿਸਥਾਰ ਪੂਰਵਕ ਲੇਖ ਪੇਸ਼ ਕੀਤੇ ਗਏ। ਸਕੂਲੀ ਵਿਦਿਆਰਥੀਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕਰਨ ਉਪਰੰਤ ਬੱਚਿਆਂ ਵੱਲੋਂ ਆਪਣੇ ਨੰਨੇ ਹੱਥਾਂ ਨਾਲ ਤਿਆਰ ਕੀਤੇ ਗਏ (ਲੇਬਰ-ਡੇ) ਸਬੰਧੀ ਗ੍ਰੀਟਿੰਗ ਕਾਰਡ ਸਕੂਲ ਦੇ ਅਧਿਆਪਕਾਂ ਅਤੇ ਮਿਹਨਤੀ ਕਰਮਚਾਰੀਆਂ ਨੂੰ ਦਿੱਤੇ ਗਏ ਅਤੇ ਸਾਂਝੀਆਂ ਤਸਵੀਰਾਂ ਖਿਚਵਾਈਆਂ ਗਈਆਂ, ਮੌਕੇ ਉੱਤੇ ਕੋਆਰਡੀ ਨੇਟਰ ਮੈਡਮ ਹਰਗਿੰਦਰ ਕੌਰ ਮੈਡਮ ਬਲਜੀਤ ਕੌਰ ਮਨੇਜਮੈਂਟ ਮੈਂਬਰ ਦਵਿੰਦਰ ਸਿੰਘ ਪੰਜਾਬੀ ਅਧਿਆਪਕ ਸੰਦੀਪ ਸਿੰਘ ਸਨਮੀਤ ਸਿੰਘ, ਡੀ.ਪੀ ਅਧਿਆਪਕ ਅਵਤਾਰ ਸਿੰਘ, ਹਰਿੰਦਰ ਸਿੰਘ,ਪ੍ਰਭਜੋਤ ਸਰ, ਮਨਜੋਤ ਮੈਮ,ਮਨਪ੍ਰੀਤ ਕੌਰ,ਨਿਤਿਨ ਮੈਮ, ਸੁਨੀਤਾ ਰਾਣੀ, ਅਵਰਿੰਦਰ ਕੌਰ ,ਸੁਖਜੀਤ ਕੌਰ, ਪ੍ਰਭਜੋਤ ਕੌਰ,ਤੇ ਰਜਨੀ ਮੈਮ ਜੀ ਉਚੇਚੇ ਤੌਰ ਤੇ ਹਾਜ਼ਰ ਸਨ।

# ਡੇਂਗੂ ਦੇ ਸ਼ੱਕ 'ਤੇ ਤੁਰੰਤ ਕਰਵਾਓ ਮੁਫ਼ਤ ਟੈਸਟ, ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਮੁਫਤ ਵਿੱਚ ਉਪਲੱਬਧ : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ

## – "ਡੇਂਗੂ ਵਿਰੋਧੀ ਮੁਹਿੰਮ ਤਹਿਤ ਸਰਵੇ ਗਤੀਵਿਧੀਆਂ ਆਯੋਜਿਤ

**ਨਵਾਂਸ਼ਹਿਰ, 30 ਅਪ੍ਰੈਲ (ਮਨੋਰੰਜਨ ਕਾਲੀਆ ):** ਮਾਣਯੋਗ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਜੀ ਦੇ ਹੁਕਮਾਂ ਅਨੁਸਾਰ ਮਾਣਯੋਗ ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਜੀ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਨੇ ਡੇਂਗੂ ਦੀ ਬਿਮਾਰੀ 'ਤੇ ਸਮੇਂ ਸਿਰ ਕਾਬੂ ਪਾਉਣ ਤੇ ਕਮਿਊਨਿਟੀ ਦੀ ਭਾਗੀਦਾਰੀ ਨੂੰ ਹੋਰ ਵਧਾਉਣ ਲਈ ਡੇਂਗੂ ਵਿਰੋਧੀ" ਮੈਗਾ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਇਸੇ ਦੌਰਾਨ ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਨੇ ਸਿਹਤ ਵਿਭਾਗ ਦੀਆਂ ਡੈਂਗੂ ਵਿਰੋਧੀ ਟੀਮਾਂ ਨਾਲ ਮਿਲ ਕੇ ਵੈਟਰਨੀ, ਹਸਪਤਾਲ ਨਵਾਂਸ਼ਹਿਰ ਸਮੇਤ ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ ਵਿੱਚ ਲਾਰਵਾ ਚੈੱਕ ਕੀਤਾ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਦੱਸਿਆ ਕਿ ਇਸ ਜਾਗਰੂਕਤਾ ਮੁਹਿੰਮ ਦਾ ਮੁੱਖ ਉਦੇਸ਼ ਡੇਂਗੂ ਨੂੰ ਕੰਟਰੋਲ ਕਰਨਾ ਹੈ। ਉਨ੍ਹਾਂ ਸਿਹਤ ਸਿੱਖਿਆ, ਬਿਮਾਰੀ ਦੇ ਆਮ ਲੱਛਣ, ਟੈਸਟ, ਇਲਾਜ ਅਤੇ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਦੀ




ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਡੇਂਗੂ ਟੈਸਟ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿੱਚ ਮੁਫਤ ਹੁੰਦਾ ਹੈ। ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਰਾਕੇਸ਼ ਪਾਲ ਨੇ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵਿਸਥਾਰਪੂਰਵਕ ਸਮਝਾਇਆ ਤੇ ਉਨ੍ਹਾਂ ਨੂੰ ਡੈਂਗੂ ਦੇ ਲਾਰਵੇ ਦੀ ਪਛਾਣ ਬਾਰੇ ਵੀ ਦੱਸਿਆ ਗਿਆ। ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਆਲੇ-ਦੁਆਲੇ ਦੀ ਸਾਫ਼-ਸਫ਼ਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਆਪਣੇ ਘਰਾਂ ਵਿਚ ਤੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਆਪਣੇ-ਆਪ ਨੂੰ ਮੱਛਰਾਂ ਦੇ ਕੱਟਣ ਤੋਂ ਬਚਾਉਣ ਵਾਸਤੇ ਕੱਪੜੇ ਅਜਿਹੇ ਪਾਉਣੇ ਚਾਹੀਦੇ ਹਨ, ਜਿਨ੍ਹਾਂ ਨਾਲ ਸਰੀਰ ਪੂਰੀ ਤਰ੍ਹਾਂ ਢੱਕਿਆ ਰਹੇ ਅਤੇ ਮੱਛਰ ਨਾ ਕੱਟ ਸਕੇ। ਮੱਛਰਦਾਨੀ ਅਤੇ ਮੱਛਰ ਭਜਾਊ ਕਰੀਮਾਂ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਡੇਂਗੂ ਤੇ ਮਲੇਰੀਆ ਤੋਂ ਬਚਾਅ ਕੀਤਾ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਦਲਜੀਤ ਸਿੰਘ, ਹੈਲਥ ਇੰਸਪੈਕਟਰ ਜੋਗਿੰਦਰ ਪਾਲ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

# ਐਸ ਸੀ ਕਮਿਸ਼ਨ ਪੰਜਾਬ ਸਰਕਾਰ ਨੇ ਲੰਗੜਾ ਕੀਤਾ:ਅਵਤਾਰ ਸਿੰਘ ਬਿੰਦਰੱਖ

**ਬੰਗਾ 30 ਅਪ੍ਰੈਲ (ਚਰਨਜੀਤ ਸੱਲ੍ਹਾ )**ਭਾਰਤੀ ਜਨਤਾ ਪਾਰਟੀ ਐਸ ਸੀ ਵਿੰਗ ਪੰਜਾਬ ਦੇ ਵਾਈਸ ਪ੍ਰਧਾਨ ਅਵਤਾਰ ਸਿੰਘ ਬਿੰਦਰੱਖ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਿੱਚ ਐਸ ਸੀ ਭਾਈਚਾਰੇ ਦੀ ਕੈਬਨਿਟ ਮੰਤਰੀ ਡਾ ਬਲਜੀਤ ਕੌਰ ਵਲੋਂ ਹੀ ਐਸ ਸੀ ਕਮਿਸ਼ਨ ਦੇ ਦਫਤਰ ਤੋਂ ਪੰਜ ਕਲਰਕ ਵਾਪਸ ਮੁੱਖ ਦਫਤਰ ਮੁਹਾਲੀ ਬੁਲਾ ਕੇ ਦਫਤਰ ਐਸ ਕਮਿਸ਼ਨ ਪੰਜਾਬ ਬਿਲਕੁਲ ਲੰਗੜਾ ਕਰ ਦਿੱਤਾ ਹੈ। ਜਿਸ ਕਰਕੇ ਪੂਰੇ ਪੰਜਾਬ ਤੋਂ ਆਪਣੀਆਂ ਦੁੱਖ ਤਕਲੀਫ਼ਾਂ ਨਾਲ ਲਿਤਾੜੇ ਲੋਕ ਦਰਖ਼ਾਸਤਾਂ ਲੈ ਕੇ ਚੰਡੀਗੜ੍ਹ ਕਮਿਸ਼ਨ ਦੇ ਦਫਤਰ ਬਾਹਰ ਭਟਕ ਰਹੇ ਹਨ।



ਪੰਜਾਬ ਸਰਕਾਰ ਵਲੋਂ ਨਵੇਂ ਨਿਯੁਕਤ ਕੀਤੇ ਮੈਬਰਾਂ ਨੂੰ ਵੀ ਜੁਆਇੰਨ ਨਹੀਂ ਕਰਵਾਇਆ ਜਾ ਰਿਹਾ ਹੈ। ਦਲਿਤਾਂ ਪ੍ਰਤੀ ਆਪਣੇ ਆਪ ਨੂੰ ਵਫ਼ਾਦਾਰ ਦੱਸਣ ਵਾਲੀ ਆਮ ਪਾਰਟੀ ਦਾ ਚਹਿਰਾ ਹੁਣ ਨੰਗਾ ਹੋ ਗਿਆ ਹੈ। ਉਨ੍ਹਾਂ ਅਖੀਰ ਵਿੱਚ ਪੰਜਾਬ ਦੇ ਦਲਿਤ ਭਾਈਚਾਰੇ ਨੂੰ ਅਪੀਲ ਕੀਤੀ ਕਿ ਪੰਜਾਬ ਦਾ ਪੂਰਾ ਦਲਿਤ ਸਮਾਜ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਉਨ੍ਹਾਂ ਇਹ ਵੀ ਭਰੋਸਾ ਦਿਵਾਇਆ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਤੇ ਸੈਂਟਰ ਕਮਿਸ਼ਨ ਵਾਂਗ ਪੰਜਾਬ ਦੇ ਕਮਿਸ਼ਨ ਦਰੁਸਤ ਕਰਕੇ ਪੂਰੀ ਗੰਭੀਰਤਾ ਨਾਲ ਚਲਾਇਆ ਜਾਵੇਗਾ।

# ਆਸ਼ਾ ਵਰਕਰਸ ਅਤੇ ਫੈਸੀਲੀਟੇਟਰਸ ਦਾ ਚੰਡੀਗੜ੍ਹ ਵਿਖੇ ਰਾਜ ਪੱਧਰੀ ਧਰਨਾ 05 ਮਈ ਨੂੰ

**ਰੋਪੜ, 30 ਅਪ੍ਰੈਲ (ਰੋਮੀ ਘੜਾਮਾਂ):** ਆਸ਼ਾ ਵਰਕਰ ਅਤੇ ਫੈਸਲੀਟੇਟਰ ਵਰਕਰ ਯੂਨੀਅਨ ਸੀਟੂ ਪੰਜਾਬ ਦੀ ਜਨਰਲ ਸਕੱਤਰ ਸੁਰਜਿੰਦਰ ਕੌਰ ਸੀਮਾ ਨੇ ਦੱਸਿਆ ਕਿ ਉਨ੍ਹਾਂ ਭਖਦੀਆਂ ਮੰਗਾਂ ਸਬੰਧੀ ਮਿਤੀ 05 ਮਈ ਨੂੰ ਪਰਿਆਸ ਭਵਨ, ਚੰਡੀਗੜ੍ਹ ਵਿਖੇ ਧਰਨੇ ਸਬੰਧੀ ਪੰਜਾਬ ਦੀਆਂ ਆਸ਼ਾ ਵਰਕਰਾਂ ਅਤੇ ਫੈਸਲੀਟੇਟਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਜਿਸ ਲਈ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਉਤਸ਼ਾਹ-ਜਨਕ ਰਿਪੋਰਟਾਂ ਮਿਲ ਰਹੀਆਂ ਹਨ। ਇਸ ਸਬੰਧੀ ਅੱਜ ਰੋਪੜ ਦੇ ਸਿਵਲ ਸਰਜਨ ਨੂੰ ਵੀ ਨੋਟਿਸ ਦਿੱਤਾ ਗਿਆ।



ਉਨ੍ਹਾਂ ਸਮੂਹ ਸਾਥਣਾਂ ਨੂੰ ਅਪੀਲ ਕੀਤੀ ਕਿ ਇਸ ਧਰਨੇ ਨੂੰ ਸਫਲ ਬਣਾਉਣ ਲਈ ਕੋਈ ਵੀ ਕਸਰ ਨਾ ਛੱਡੀ ਜਾਵੇ। ਇਤਿਹਾਸ ਗਵਾਹ ਹੈ ਕਿ ਜਿਹੜੇ ਲੋਕਾਂ ਨੇ ਆਪਣੇ ਹੱਕਾਂ/ਹਿੱਤਾਂ ਦੀ ਪ੍ਰਾਪਤੀ ਲਈ ਜਥੇਬੰਦ ਹੋ ਕੇ ਵਿਗਿਆਨਕ ਢੰਗ ਨਾਲ ਸੰਘਰਸ਼ ਲੜੇ ਹਨ। ਉਹਨਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਇਸ ਲਈ ਸਮੇਂ ਦੀ ਮੁੱਖ ਮੰਗ ਹੈ ਕਿ ਵਿਸ਼ਾਲ ਏਕਾ ਕਰਕੇ ਸੰਘਰਸ਼ਾਂ ਨੂੰ ਤੇਜ਼ ਤੇ ਤਿੱਖਾ ਕਰਨ ਲਈ 05 ਮਈ ਦੇ ਧਰਨੇ ਨੂੰ ਸਫਲ ਬਣਾਉਣ ਲਈ ਪੂਰਾ ਤਾਣ ਲਾ ਦਿਉ। ਇਸ ਮੌਕੇ ਅਮਰਜੀਤ ਕੌਰ, ਜਸਵਿੰਦਰ ਕੌਰ, ਰਣਜੀਤ ਕੌਰ ਅਤੇ ਹੋਰ ਯੂਨੀਅਨ ਮੈਂਬਰ ਹਾਜ਼ਰ ਸਨ।

# ਨਿਕੋਨ ਕਾਰਪੋਰੇਸ਼ਨ ਵੱਲੋਂ ਫੋਟੋਗ੍ਰਾਫਰਾਂ ਲਈ ਤਕਨੀਕੀ ਵਰਕਸ਼ਾਪ ਲਗਾਈ

## ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੀਆਂ ਬਾਰੀਕੀਆਂ ਬਾਰੇ ਦਿੱਤੀ ਜਾਣਕਾਰੀ

**ਮੋਰਿੰਡਾ (ਸੁਖਵਿੰਦਰ ਸਿੰਘ ਹੈਪੀ)**–ਨਿਕੋਨ ਕਾਰਪੋਰੇਸ਼ਨ ਵੱਲੋਂ ਕਰਾਊਨ ਹੋਟਲ ਵਿੱਚ ਫੋਟੋਗ੍ਰਾਫਰਾਂ ਲਈ ਇੱਕ ਵਿਸ਼ੇਸ਼ ਤਕਨੀਕੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਮੋਰਿੰਡਾ ਫੋਟੋਗ੍ਰਾਫਰ ਐਸੋਸੀਏਸ਼ਨ ਨਾਲ ਜੁੜੇ ਕਈ ਪੇਸ਼ੇਵਰਾਂ ਨੇ ਹਿੱਸਾ ਲਿਆ, ਜਿੱਥੇ ਉਨ੍ਹਾਂ ਨੂੰ ਫੋਟੋਗ੍ਰਾਫੀ ਦੀਆਂ ਨਵੀਆਂ ਤਕਨੀਕਾਂ, ਮਿਰਰਲੈੱਸ ਕੈਮਰਿਆਂ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਅੀ) ਦੀ ਵਰਤੋਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਹਰਮਿੰਦਰ ਸਿੰਘ ਲੱਕੀ ਨੇ ਕੀਤੀ,



ਜਦਕਿ ਮੁੱਖ ਬੁਲਾਰੇ ਮਨੀਸ਼ ਸ਼ਰਮਾ (ਟ੍ਰਾਈ ਕਲਰ ਲੈਬ) ਨੇ ਮਿਰਰਲੈੱਸ ਕੈਮਰਿਆਂ ਦੀ ਪ੍ਰਦਰਸ਼ਨੀ ਅਤੇ ਵੀਡੀਓ ਐਡੀਟਿੰਗ ਸਾਫਟਵੇਅਰ ਬਾਰੇ ਜਾਣਕਾਰੀ ਸਾਂਝੀ ਕੀਤੀ। ਮਾਹਿਰਾਂ ਨੇ ਜ਼ੋਰ ਦਿੱਤਾ ਕਿ ਏ.ਆਈ. ਦੇ ਇਸ ਦੌਰ ਵਿੱਚ ਫੋਟੋਗ੍ਰਾਫਰਾਂ ਲਈ ਆਪਣੇ ਆਪ ਨੂੰ ਤਕਨੀਕੀ ਤੌਰ 'ਤੇ ਅੱਪਡੇਟ ਰੱਖਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਸੇਲਜ਼ ਮੈਨੇਜਰ ਰਾਜੇਸ਼ ਸ਼ਰਮਾ, ਤਕਨੀਕੀ ਸਲਾਹਕਾਰ ਰਾਮ ਨੀਰਜ ਤਿਆਗੀ ਅਤੇ ਰਸ਼ਪਾਲ ਸਿੰਘ ਵੀ ਮੌਜੂਦ ਸਨ, ਅਤੇ ਵਰਕਸ਼ਾਪ ਦੇ ਅੰਤ ਵਿੱਚ ਫੋਟੋਗ੍ਰਾਫਰਾਂ ਦਾ ਸਨਮਾਨ ਵੀ ਕੀਤਾ ਗਿਆ।

# ਮਿਰਗੀ ਦੇ ਇਲਾਜ ਵਿੱਚ ਲਗਾਤਾਰ ਫਾਲੋਅੱਪ ਹੀ ਸਫਲ ਇਲਾਜ ਦੀ ਕੁੰਜੀ : ਡਾ. ਗਗਨਦੀਪ ਸਿੰਘ

- **ਐੱਸ.ਐੱਮ.ਓ. ਵੱਲੋਂ ਜ਼ਿਲ੍ਹਾ ਨਿਵਾਸੀਆਂ ਨੂੰ ਸਟਾਪ ਐਪੀਲੈਪਸੀ ਪ੍ਰੋਜੈਕਟ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ**
- **ਦਯਾਨੰਦ ਮੈਡੀਕਲ ਕਾਲਜ, ਲੁਧਿਆਣਾ ਦੀ ਮੈਡੀਕਲ ਟੀਮ ਵੱਲੋਂ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ "ਸਟਾਪ ਐਪੀਲੈਪਸੀ ਪ੍ਰੋਜੈਕਟ" ਤਹਿਤ 44 ਮਿਰਗੀ ਮਰੀਜ਼ਾਂ ਦੀ ਵਿਸ਼ੇਸ਼ ਜਾਂਚ**

**ਨਵਾਂਸ਼ਹਿਰ, 30 ਅਪ੍ਰੈਲ (ਮਨੋਰੰਜਨ ਕਾਲੀਆ ): ਸਿਹਤ** ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਦੇ ਹੁਕਮਾਂ ਅਨੁਸਾਰ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ, ਲੁਧਿਆਣਾ ਵੱਲੋਂ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ "ਸਟਾਪ ਐਪੀਲੈਪਸੀ ਪ੍ਰੋਜੈਕਟ" ਤਹਿਤ ਮਿਰਗੀ (ਐਪੀਲੈਪਸੀ) ਦੀ ਬਿਮਾਰੀ ਦੇ ਇਲਾਜ ਨੂੰ ਹੋਰ ਬਿਹਤਰ, ਪ੍ਰਭਾਵਸ਼ਾਲੀ ਅਤੇ ਆਮ ਲੋਕਾਂ ਲਈ ਪਹੁੰਚਣਯੋਗ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ, ਲੁਧਿਆਣਾ ਦੇ ਨਿਊਰੋਲੋਜੀ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਗਗਨਦੀਪ ਸਿੰਘ ਵੱਲੋਂ ਵੀਰਵਾਰ ਨੂੰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ 44 ਮਿਰਗੀ ਤੋਂ ਪੀੜਤ ਗੰਭੀਰ ਮਰੀਜ਼ਾਂ ਦੀ ਵਿਸ਼ੇਸ਼ ਸਿਹਤ ਜਾਂਚ ਕੀਤੀ ਗਈ। ਇਸ ਦੌਰਾਨ ਮਰੀਜ਼ਾਂ ਦੀ ਵਿਸਥਾਰ ਨਾਲ ਜਾਂਚ ਕਰਕੇ ਉਨ੍ਹਾਂ ਨੂੰ ਇਲਾਜ ਸਬੰਧੀ ਲੋੜੀਂਦੀ ਸਲਾਹ



ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਡਾ. ਗਗਨਦੀਪ ਸਿੰਘ ਨੇ ਦੱਸਿਆ ਕਿ ਮਿਰਗੀ ਇੱਕ ਲੰਬੇ ਸਮੇਂ ਤੱਕ ਚੱਲਣ ਵਾਲੀ ਨਿਊਰੋਲੋਜੀਕਲ ਬਿਮਾਰੀ ਹੈ, ਪਰ ਸਮੇਂ ਸਿਰ ਸਹੀ ਜਾਂਚ ਅਤੇ ਨਿਯਮਤ ਇਲਾਜ ਨਾਲ ਇਸ ਨੂੰ ਕਾਫੀ ਹੱਦ ਤੱਕ ਨਿਯੰਤਰਿਤ ਕੀਤਾ ਜਾ ਸਕਦਾ ਹੈ। ਮਿਰਗੀ ਇਲਾਜ ਵਿੱਚ ਲਗਾਤਾਰਤਾ ਬਹੁਤ ਜ਼ਰੂਰੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਿਰਗੀ ਦੇ ਇਲਾਜ ਵਿੱਚ ਲਗਾਤਾਰ ਫਾਲੋਅੱਪ ਹੀ ਸਫਲ ਇਲਾਜ ਦੀ ਕੁੰਜੀ ਹੈ। ਉਨ੍ਹਾਂ ਕਿਹਾ ਕਿ "ਸਟਾਪ ਐਪੀਲੈਪਸੀ ਪ੍ਰੋਜੈਕਟ" ਦਾ ਮੁੱਖ ਉਦੇਸ਼ ਮਿਰਗੀ ਬਾਰੇ ਲੋਕਾਂ ਵਿੱਚ ਜਾਗਰੂਕਤਾ ਵਧਾਉਣਾ, ਗੰਭੀਰ ਮਰੀਜ਼ਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਉੱਚ ਪੱਧਰੀ ਇਲਾਜ ਨਾਲ ਜੋੜਨਾ ਹੈ।ਇਸ ਮੌਕੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਤੋਂ ਆਏ ਮਿਰਗੀ ਮਰੀਜ਼ਾਂ ਨੂੰ ਇਸ ਕੈਂਪ ਰਾਹੀਂ ਮਾਹਿਰ ਡਾਕਟਰਾਂ ਦੀ ਸੇਵਾ ਮਿਲੀ ਹੈ। ਡਾ ਸਤਵਿੰਦਰਪਾਲ ਸਿੰਘ ਨੇ ਮਿਰਗੀ ਮਰੀਜ਼ਾਂ ਨੂੰ ਇਸ ਪ੍ਰੋਜੈਕਟ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

# ਕਾਮਨ ਸਰਵਿਸ ਸੈਂਟਰਾਂ ਤੇ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਸਿਹਤ ਕਾਰਡ ਬਣਾਓ: ਜ਼ਿਲ੍ਹਾ ਡੀ.ਐਮ

**ਨਵਾਂਸ਼ਹਿਰ /ਮੱਲਪੁਰ ਅੜਕਾਂ 30 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਕਾਮਨ ਸਰਵਿਸ ਸੈਂਟਰਾਂ ਤੇ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਸਿਹਤ ਕਾਰਡ ਬਣਾਓ: ਜ਼ਿਲ੍ਹਾ ਡੀ.ਐਮ ਸ਼ੀਮਾਨ ਰਾਕੇਸ਼ ਕੁਲਥਮ ਨੇ ਕਾਮਨ ਸਰਵਿਸ ਸੈਂਟਰਾਂ ਦਾ ਦੌਰਾ ਕਰਕੇ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਸਿਹਤ ਕਾਰਡ ਬਣਾਉਣ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਪੱਤਰਕਾਰ ਦੇਸ਼ ਸੇਵਕ ਨਾਲ ਮੁਲਾਕਾਤ ਦੁਰਾਨ ਅਤੇ ਉਨ੍ਹਾਂ ਆਮ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਕਿਸੇ ਬਿਮਾਰੀ ਦੀ ਉਡੀਕ ਕਰਨ ਦੀ ਬਜਾਇ ਪਹਿਲਾਂ ਹੀ ਆਪਣੇ ਸਿਹਤ ਕਾਰਡ ਕਾਮਨ ਸਰਵਿਸ ਸੈਂਟਰਾਂ ਬਣਵਾ ਲੈਣ। ਉਨ੍ਹਾਂ ਨੇ ਲੋਕਾ ਨੂੰ ਹੋਰ ਬਿਹਤਰ ਤਾਲਮੇਲ ਨਾਲ ਕੰਮ ਕਰਨ ਲਈ ਕਿਹਾ ਤਾਂ ਜੋ ਇਸ ਲੋਕ-ਹਿਤੂ ਯੋਜਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਦਿਆਂ ਹਰ ਯੋਗ ਵਿਅਕਤੀ ਤੱਕ ਇਸ ਦਾ ਲਾਭ ਪਹੁੰਚਾਇਆ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਨਿਵੇਕਲੀ ਸਕੀਮ 'ਮੁੱਖ ਮੰਤਰੀ ਸਿਹਤ



ਯੋਜਨਾ' ਪੰਜਾਬੀਆਂ ਲਈ ਵਰਦਾਨ ਸਾਬਤ ਹੋ ਰਹੀ ਹੈ। ਇਹ ਯੋਜਨਾ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਪ੍ਰਦਾਨ ਕਰਦੀ ਹੈ, ਜਿਸ ਨਾਲ ਲਾਭਪਾਤਰੀ ਪੰਜਾਬ ਦੇ ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਕਰਵਾ ਸਕਦੇ ਹਨ। ਡੀ.ਐਮ ਰਾਕੇਸ਼ ਕੁਲਥਮ ਨੇ ਉਨ੍ਹਾਂ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਕੈਸ਼ਲੈੱਸ ਇਲਾਜ ਦੇ ਲਾਭ ਲੈਣ ਲਈ ਨਿਰਧਾਰਤ ਕਾਮਨ ਸਰਵਿਸ ਸੈਂਟਰਾਂ ਜਾਂ ਕੈਂਪਾਂ ਵਿੱਚ ਜਾ ਕੇ ਆਪਣਾ ਸਿਹਤ ਕਾਰਡ ਬਣਵਾਉਣ। ਉਨ੍ਹਾਂ ਸਿਹਤ ਵਿਭਾਗ ਨੂੰ ਆਸ਼ਾ ਵਰਕਰਾਂ ਅਤੇ ਪੰਚਾਇਤਾਂ ਦੇ ਸਹਿਯੋਗ ਨਾਲ ਘਰ-ਘਰ ਜਾ ਕੇ ਲੋਕਾਂ ਨੂੰ ਯੋਜਨਾ ਪ੍ਰਤੀ ਜਾਗਰੂਕ ਕਰਨ ਲਈ ਕਿਹਾ। ਰਾਕੇਸ਼ ਕੁਲਥਮ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਦੇ ਸਿਹਤ ਕਾਰਡ ਅਜੇ ਤੱਕ ਨਹੀਂ ਬਣੇ, ਉਹ ਆਧਾਰ ਕਾਰਡ, ਅਤੇ ਰਾਸ਼ਨ ਕਾਰਡ/ ਵੋਟਰ ਕਾਰਡ (ਪਰਿਵਾਰ ਪਛਾਣ ਪੱਤਰ) ਲੈ ਕੇ ਨਜ਼ਦੀਕੀ ਸੇਵਾ ਕੇਂਦਰ, ਸੀਐਸਸੀ ਜਾਂ ਸਿਹਤ ਕੇਂਦਰ 'ਤੇ ਸੰਪਰਕ ਕਰਨ।

# ਮਿਹਨਤਕਸ਼ ਲੋਕਾਂ ਦਾ ਦਿਨ "ਮਈ ਦਿਵਸ"

ਮਿਹਨਤਕਸ਼ ਲੋਕਾਂ ਦਾ ਦਿਨ, ਜਿਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਾਂ ਮਈ ਦਿਵਸ ਵਜੋਂ ਜਾਣਿਆ ਜਾਂਦਾ ਹੈ, ਹਰ ਸਾਲ 1 ਮਈ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਦੁਨੀਆ ਭਰ ਦੇ ਕਿਰਤੀਆਂ, ਕਾਮਿਆਂ ਅਤੇ ਮਜ਼ਦੂਰਾਂ ਦੇ ਸੰਘਰਸ਼, ਕੁਰਬਾਨੀਆਂ ਅਤੇ ਉਨ੍ਹਾਂ ਦੇ ਹੱਕਾਂ ਨੂੰ ਸਮਰਪਿਤ ਹੈ, ਜੋ ਸਮਾਜ ਦੇ ਨਿਰਮਾਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਆ ਰਹੇ ਹਨ। ਹਰ ਸਾਲ ਇੱਕ ਮਈ ਨੂੰ ਭਾਰਤ ਹੀ ਨਹੀਂ ਬਲਕਿ ਪੂਰੀ ਦੁਨਿਆਂ ਵਿੱਚ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਜਦੋਂ ਪਹਿਲੀ ਵਾਰ ਅਮਰੀਕਾ ਵਿੱਚ 1 ਮਈ 1886 ਨੂੰ ਮਜ਼ਦੂਰਾਂ ਨੇ ਆਪਣੇ ਹੱਕਾਂ ਲਈ ਹੜਤਾਲ ਕੀਤੀ ਤਾਂ ਇਸ ਹੜਤਾਲ ਨੂੰ ਕੁਚਲਣ ਵਾਸਤੇ ਸਾਜ਼ਿਸ਼ ਤਹਿਤ ਸ਼ਿਕਾਗੋ ਵਿਚ ਇਕ ਬੰਬ ਧਮਾਕਾ ਕਰਵਾਇਆ ਗਿਆ ਅਤੇ ਪੁਲਿਸ ਵੱਲੋਂ ਮਜ਼ਦੂਰਾਂ 'ਤੇ ਗੋਲੀਆਂ ਚਲਾਈਆਂ ਗਈਆਂ ਜਿਸ ਕਾਰਨ ਕਈ ਮਜ਼ਦੂਰ ਮਾਰੇ ਗਏ, ਜਿਨ੍ਹਾਂ ਦੀ ਯਾਦ ਵਿਚ ਸ਼ਿਕਾਗੋ ਵਿਚ 1 ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਣ ਲੱਗਿਆਂ।

ਇਸ ਤੋਂ ਬਾਅਦ ਭਾਵੇਂ ਭਾਰਤ ਸਮੇਤ ਦੁਨੀਆ ਦੇ ਤਕਰੀਬਨ 85 ਮੁਲਕਾਂ ਨੇ 1 ਮਈ ਨੂੰ ਛੁੱਟੀ ਕਰ ਕੇ ਮਜ਼ਦੂਰ ਦਿਵਸ ਵਜੋਂ ਮਨਾਉਣਾ ਸ਼ੁਰੂ ਤਾਂ ਕਰ ਦਿੱਤਾ ਪਰ ਇਸ ਨੂੰ ਮਨਾਉਣ ਦਾ ਮਜ਼ਦੂਰ ਵਰਗ ਨੂੰ ਕਿਨ੍ਹਾਂ ਕੁ ਫ਼ਾਇਦਾ ਹੋਇਆ ਇਸ ਦੀ ਮਿਸਾਲ ਦੁਨੀਆਂ ਦੇ ਕਈ ਪਛੜੇ ਮੁਲਕਾਂ, ਅਤੇ ਭਾਰਤ ਦੇਸ਼ ਦੇ ਮਜ਼ਦੂਰ ਵਰਗ ਦੀ ਹਾਲਤ ਤੋਂ ਸਹਿਜੇ ਹੀ ਮਿਲ ਸਕਦੀ ਹੈ। ਪੰਜਾਬੀ ਸ਼ਾਇਰ ਸੰਤ ਰਾਮ ਉਦਾਸੀ ਮਜ਼ਦੂਰ ਜਮਾਤ ਦੀ ਤ੍ਰਾਸਦੀ ਨੂੰ ਕਵਿਤਾ ਰਾਹੀਂ ਬਾਖੂਬ ਪੇਸ਼ ਕਰਦੇ ਹਨ।

ਮੇਰੀ ਕਿਰਤ ਨੂੰ ਲੁੱਟਣ ਵਾਲਿਓ,
ਕਿਉਂ ਪੀਵੋ ਰੱਤ ਬਹਾਰਾਂ ਦੀ ।
ਇਹ ਧਰਤੀ ਹੈ ਮਜ਼ਦੂਰਾਂ ਦੀ,
ਇਹ ਨਹੀਂ ਸਰਮਾਏਦਾਰਾਂ ਦੀ ।
ਮੇਰੇ ਤੇਸੇ ਅਤੇ ਹਥੌੜੇ ਨੇ,
ਲੱਖ ਮੰਦਰ ਮਹਿਲ ਉਸਾਰੇ ਹੋ ।
ਪਰ ਮੇਰੀ ਨੀਂਦ ਉਤਾਰਨ ਨੂੰ,
ਕੱਖ ਕਾਨਿਆਂ ਦੇ ਹਨ ਢਾਰੇ ਹੋ ।

ਹਮੇਸ਼ਾ ਹੀ ਮਜ਼ਦੂਰ ਵਰਗ ਦੀ ਕਿਸੇ ਵੀ ਦੇਸ਼ ਦੇ ਵਿਕਾਸ ਲਈ ਅਹਿਮ ਭੂਮਿਕਾ ਰਹੀ ਹੈ ਚਾਹੇ ਸੜਕ ਨਿਰਮਾਣ ਹੋਵੇ, ਬਿਲਡਿੰਗ ਬਣਾਉਣ ਦਾ ਕੰਮ ਹੋਵੇ ਚਾਹੇ ਕਾਰਖਾਨਿਆਂ ਦੀ ਤਰੱਕੀ ਦੀ ਗੱਲ ਹੋਵੇ ਮਜ਼ਦੂਰ ਤੋਂ ਬਿਨਾਂ ਇਹ ਸਭ ਕੁਝ ਅਸੰਭਵ ਹੈ। ਭਾਰਤੀ ਮਜ਼ਦੂਰ ਜਮਾਤ ਦੀ ਹਾਲਤ ਕਿਸੇ ਤੋਂ ਛਿਪੀ ਨਹੀਂ ਇਥੇ ਕੇਂਦਰ ਸਰਕਾਰ ਜਾਂ ਸੂਬਾ ਸਰਕਾਰਾਂ ਮਜ਼ਦੂਰਾਂ ਵਾਸਤੇ ਕਈ ਸਕੀਮਾਂ ਤਾਂ ਚਲਾ ਦਿੰਦਿਆਂ ਹਨ ਪਰ ਜ਼ਮੀਨੀ ਹਕੀਕਤ ਕੁੱਝ ਹੋਰ ਹੀ ਹੈ ਕਿਉਂ ਕਿ ਮਹਿੰਗਾਈ ਤੇ ਬੇਰੁਜ਼ਗਾਰੀ ਦਾ ਆਲਮ ਇਹ ਹੈ ਕਿ ਅੱਜ ਹਰ ਮਜ਼ਦੂਰ ਅਤੇ ਉਸ ਦਾ ਪਰਿਵਾਰ ਮੰਦਹਾਲੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਜਿਹੜੇ ਮਜ਼ਦੂਰ ਪੱਕੇ ਤੌਰ ਤੇ ਕਾਰਖਾਨਿਆਂ ਵਿੱਚ ਕੰਮ ਕਰਦੇ ਹਨ ਉਨ੍ਹਾਂ ਦੀ ਹਾਲਤ ਦਿਹਾੜੀਦਾਰ ਮਜ਼ਦੂਰਾਂ ਤੋਂ ਕੁਝ ਹੱਦ ਤੱਕ ਬਹਿਤਰ ਹੈ। ਦਿਹਾੜੀਦਾਰ ਕਾਮਿਆਂ ਨੂੰ ਸਭ ਤੋਂ ਪਹਿਲਾਂ ਆਪਣੀ ਦਿਹਾੜੀ ਵਾਸਤੇ ਜਦੋਂ ਜਹਿਦ ਕਰਨੀ ਪੈਂਦੀ ਹੈ, ਉਹ ਸਵੇਰ ਸਾਰ ਹੀ ਲੇਬਰ ਚੌਕ 'ਤੇ ਚਲਾ ਜਾਂਦਾ ਹੈ ਅਤੇ ਬਹੁਤ ਵਾਰੀ ਉਸ ਨੂੰ ਬਿਨਾਂ ਕੰਮ ਤੋਂ ਹੀ ਘਰ ਵਾਪਸ ਪਰਤਣਾ ਪੈਂਦਾ ਹੈ ਕਿਉਂ ਕਿ ਸਰਕਾਰਾਂ ਵੱਲੋਂ ਮਜ਼ਦੂਰਾਂ ਵਾਸਤੇ ਕੰਮ ਦੀ ਗਰੰਟੀ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਜੇਕਰ ਉਸ ਦੀ ਦਿਹਾੜੀ ਲੱਗ ਵੀ ਜਾਂਦੀ ਹੈ ਤਾਂ ਮਹਿੰਗਾਈ ਦਾ ਆਲਮ ਇਹ ਹੈ ਕਿ ਉਹ ਆਪਣੇ ਬੱਚਿਆਂ ਨੂੰ ਚੰਗੀ ਸਿਹਤ ਸਹੂਲਤਾਂ ਤੇ ਸਿੱਖਿਆ ਤਾਂ ਕੀ, ਭਰ ਪੇਟ ਰੋਟੀ ਦੇਣ ਤੋਂ ਵੀ ਅਸਮਰਥ ਹੈ। ਉਨ੍ਹਾਂ ਦੇ ਬੱਚਿਆਂ ਨੂੰ ਵੀ ਮਜਬੂਰਨ ਦਿਹਾੜੀ/ਮਜ਼ਦੂਰੀ ਕਰਨ ਵਾਸਤੇ ਉਨ੍ਹਾਂ ਦੇ ਨਾਲ ਜਾਣਾ ਪੈਂਦਾ ਹੈ ਅਤੇ ਇਨ੍ਹਾਂ ਦੀਆਂ ਕਈ ਪੀੜੀਆਂ ਦਰ ਪੀੜੀਆਂ ਮਜ਼ਦੂਰੀ ਕਰਨ ਲਈ ਲੇਬਰ ਚੌਂਕਾਂ 'ਤੇ ਖੜੀਆਂ ਨਜ਼ਰ ਆਉਂਦੀਆਂ ਹਨ। ਇਹੀ ਹਾਲ ਪੰਜਾਬ ਦੇ ਪਿੰਡਾ ਵਿੱਚ ਬੇਜ਼ਮੀਨੇ ਮਜ਼ਦੂਰ ਵਰਗ ਦਾ ਹੈ ਜਿਨ੍ਹਾਂ ਦੀ ਸਦੀਆਂ ਤੋਂ ਪੀੜੀ ਦਰ ਪੀੜੀ ਮਜ਼ਦੂਰੀ ਕਰਦੀਆਂ ਆ ਰਹੀਆਂ ਹਨ। ਗਰੀਬੀ ਕਾਰਨ ਇਨ੍ਹਾਂ ਦੇ ਬੱਚਿਆਂ ਦਾ ਚੰਗੀ ਸਿੱਖਿਆ ਲੈਕੇ ਉਚ ਅਹੁਦਿਆਂ ਤੇ ਪਹੁੰਚਣਾ ਤਾਂ ਦੂਰ ਦੀ ਗੱਲ ਇਹ ਵਰਗ ਆਪਣੇ ਬੱਚਿਆਂ ਨੂੰ ਮਿਆਰੀ ਅਤੇ ਉੱਚ ਸਿੱਖਿਆ ਦੇਣ ਤੋਂ ਵੀ ਅਸਮਰਥ ਨਜ਼ਰ ਆਉਂਦੇ ਹਨ। ਇਕ ਕਵੀ ਦੀਆਂ ਇਹ ਸਤਰਾਂ ਮਜ਼ਦੂਰ ਦੀ ਤਰਾਸਦੀ ਬਿਆਨ ਦੀਆਂ ਹਨ;-

"ਔਰ ਤੋ ਮੁਝਕੋ ਮਿਲਾ ਹੈ ਕਿਆ,
ਮੇਰੀ ਮਿਹਨਤ ਕਾ ਸਿਲ੍ਹਾ,
ਚੰਦ ਸਿੱਕੇ ਹੈਂ ਮੇਰੇ ਹਾਥ ਮੇਂ ਛਾਲੋਂ ਕੀ ਤ੍ਰਹ।

ਕਿਸੇ ਦੇਸ਼ ਦਾ ਵਿਕਾਸ ਮਜ਼ਦੂਰ ਵਰਗ ਤੋਂ ਬਿਨਾਂ ਨਾ ਮੁਮਕਿਨ ਹੈ ਮਜ਼ਦੂਰ ਵਰਗ ਨੇ ਦੇਸ਼ ਵਾਸਤੇ ਵੱਡੇ ਵੱਡੇ ਮਕਾਨ, ਸੜਕਾਂ, ਪੁਲ ਫੈਕਟਰੀਆਂ ਅਤੇ ਇਮਾਰਤਾਂ ਬਣਾ ਕੇ ਦਿੱਤੀਆਂ ਹਨ ਪਰ ਇਨ੍ਹਾਂ ਚੋਂ ਬਹੁਤ ਸਾਰਿਆਂ ਨੂੰ ਖੁਦ ਆਪਣੇ ਰਹਿਣ ਲਈ ਅਜੇ ਤੱਕ ਛੱਤਾਂ ਵੀ ਨਸੀਬ ਨਹੀਂ ਹੋਈਆਂ ਅਤੇ ਜਿਨ੍ਹਾਂ ਕੋਲ ਹੈ ਵੀ ਉਹ ਵੀ ਬਰਸਾਤ ਦੇ ਦਿਨਾਂ ਵਿਚ ਚੋਣ ਵਾਲੀਆ ਕੱਚੀਆਂ ਛੱਤਾਂ ਹਨ। ਵੋਟਾਂ ਵੇਲੇ ਪਾਰਟੀਆਂ,ਸਰਕਾਰਾਂ ਅਤੇ ਨੇਤਾ ਲੋਕ ਇਹਨਾਂ ਕੋਲ ਵੱਡੇ ਵੱਡੇ ਵਾਅਦੇ ਕਰ ਕੇ ,ਸਬਜ਼ ਬਾਗ ਦਿਖਾ ਕੇ ਤਾਕਤ ਤਾਂ ਲੈ ਲੈਂਦੇ ਹਨ ਪਰ ਇਸ ਤੋਂ ਬਾਅਦ ਸ਼ਾਇਦ ਹੀ ਕਿਸੇ ਸੂਬੇ ਦੀ ਸਰਕਾਰ ਜਾਂ ਨੇਤਾ ਲੋਕ ਹੋਣਗੇ ਜਿਨਾਂ ਨੇ ਇਨਾਂ ਲੋਕਾਂ ਦੀ ਜ਼ਮੀਨੀ ਪੱਧਰ 'ਤੇ ਹਾਲਤ ਦੇਖ ਕੇ ਅਵਾਜ਼ ਉਠਾਈ ਹੋਵੇ ਜਾਂ ਹਾਲਤ ਸੁਧਾਰਨ ਲਈ ਕੋਈ ਠੋਸ ਕਦਮ ਚੁੱਕੇ ਹੋਣ। ਗਰੀਬੀ ਅਤੇ ਆਰਥਿਕ ਤੰਗੀ ਕਾਰਨ ਕਰ ਕੇ ਇਹਨਾਂ ਦੇ ਕਈ ਪਰਿਵਾਰਕ ਮੈਂਬਰ ਬਿਨਾਂ ਇਲਾਜ ਹੀ ਦੁਨੀਆ ਨੂੰ ਅਲਵਿਦਾ ਕਹਿ ਜਾਂਦੇ ਹਨ। ਇਹਨਾਂ ਦੇ ਬੱਚੇ ਵੀ ਪੀੜੀ ਦਰ ਪੀੜੀ ਮਜ਼ਦੂਰੀ ਕਰਨ ਲਈ ਮਜਬੂਰ ਹਨ। ਬੇਸ਼ੱਕ 01 ਮਈ ਦਾ ਦਿਨ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਥਾਵਾਂ ਤੇ ਮਜ਼ਦੂਰਾਂ ਦੀ ਮਾੜ੍ਹੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਜਾਂਦੀਆਂ ਹਨ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜ਼ਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜ੍ਹਾਂ ਰੁਪਏ ਖਰਚੇ ਜਾਂਦੇ ਹਨ। ਸਰਕਾਰ ਵਲੋਂ ਮਹਿਲਾ ਮਜ਼ਦੂਰਾਂ, ਬਾਲ ਮਜ਼ਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆ ਦੀ ਹਵਾ ਉੱਡ ਜਾਂਦੀ ਹੈ ਅਤੇ ਪੂਰਾ ਸਾਲ




ਮੁੜਕੇ ਕਿਸੇ ਰਾਜਨੀਤੀਵਾਨ ਨੂੰ ਅਤੇ ਅਧਿਕਾਰੀਆਂ ਨੂੰ ਮਜਦੂਰਾਂ ਦੀ ਯਾਦ ਨਹੀਂ ਆਂਦੀ ਹੈ। ਮਜ਼ਦੂਰਾਂ ਦੀ ਕੰਮ ਕਾਜ ਦੇ ਮਾੜੇ ਹਾਲਤਾਂ ਕਾਰਨ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ। ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਮਹਾਤਮਾ ਗਾਂਧੀ ਰੁਜਗਾਰ ਗਰੰਟੀ ਯੋਜਨਾ ਮਨਰੇਗਾ ਵੀ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਅਧਿਕਾਰੀਆਂ ਲਈ ਵੱਧ ਲਾਭਦਾਇਕ ਸਾਬਿਤ ਹੋ ਰਹੀ ਹੈ। ਬੇਸ਼ੱਕ ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਕਿਸੇ ਵੀ ਤਰਾਂ ਦੀ ਮਜ਼ਦੂਰੀ ਕਰਵਾਉਣਾ ਗੈਰ ਕਨੂੰਨੀ ਕਰਾਰ ਦਿਤਾ ਗਿਆ ਹੈ ਅਤੇ ਬਾਲ ਮਜ਼ਦੂਰੀ ਕਰਵਾਉਣ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜੁਰਮਾਨਾ ਰੱਖਿਆ ਗਿਆ ਹੈ ਅਤੇ ਸਰਕਾਰ ਵਲੋਂ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸਮੇ-ਸਮੇ ਤੇ ਬਾਲ ਮਜ਼ਦੂਰਾਂ ਬਾਰੇ ਵੀ ਅੰਕੜੇ ਇੱਕਠੇ ਕੀਤੇ ਜਾਂਦੇ ਹਨ ਅਤੇ ਬਾਲ ਮਜਦੂਰੀ ਰੋਕਣ ਲਈ ਨੀਤੀਆਂ ਵੀ ਬਣਾਈਆਂ ਜਾਂਦੀਆਂ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਭਾਰਤ ਦੇਸ਼ ਵਿੱਚ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸਣ ਕੀਤਾ ਜਾ ਰਿਹਾ ਹੈ। ਹੋਟਲਾਂ, ਢਾਬਿਆਂ, ਭੱਠਿਆਂ, ਸੜ੍ਹਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜ਼ਦੂਰਾਂ ਵਿੱਚ ਜ਼ਿਆਦਾ ਗਿਣਤੀ ਬਾਲ ਮਜ਼ਦੂਰਾਂ ਦੀ ਹੁੰਦੀ ਹੈ। ਇਨ੍ਹਾਂ ਬਾਲ ਮਜ਼ਦੂਰਾਂ ਤੋਂ ਜੋਖਿਮ ਭਰੇ ਕੰਮ ਕਰਵਾਏ ਜਾ ਰਹੇ ਹਨ ਅਤੇ ਮਜ਼ਦੂਰੀ ਨਾਂ- ਮਾਤਰ ਦਿਤੀ ਜਾਂਦੀ ਹੈ। ਇਹਨਾਂ ਮਜਦੂਰਾਂ ਨੂੰ ਜੋਖਿਮ ਭਰੇ ਕੰਮ ਕਰਨ ਕਾਰਨ ਕਈ ਤਰਾਂ ਦੀਆਂ ਬਿਮਾਰੀਆਂ ਵੀ ਲੱਗ ਚੁਕੀਆਂ ਹਨ ਪਰ ਮਾਲਕਾਂ ਵਲੋਂ ਇਹਨਾਂ ਤੋਂ ਸਿਰਫ ਕੰਮ ਲੈਣ ਤੱਕ ਹੀ ਮਤਲਬ ਰੱਖਿਆ ਜਾਦਾ ਹੈ। ਬੇਸ਼ੱਕ ਸਰਕਾਰ ਵਲੋਂ ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਮਜਦੂਰਾਂ ਦੇ ਇਨਸਾਫ ਅਤੇ ਭਲਾਈ ਲਈ ਬਣਾਏ ਗਏ ਬੋਰਡ ਅਤੇ ਵਿਭਾਗ ਵੀ ਬਹੁਤੀ ਵਾਰ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਨ ਵਿੱਚ ਲਾਭ ਮਹਿਸੂਸ ਕਰਦੇ ਹਨ। ਇਸ ਤਰਾਂ ਸਰਕਾਰਾਂ, ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਸਿਰਫ ਖਾਨਾਪੂਰਤੀ ਹੀ ਬਣ ਕੇ ਰਹਿ ਜਾਂਦੇ ਹਨ।

ਪਿਛਲੇ ਸਮੇਂ ਦੌਰਾਨ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰਾਂ ਮਜਦੂਰਾਂ ਦੀ ਸੁਰਖਿਆ ਲਈ ਕਿੰਨੀ ਕੁ ਗੰਭੀਰ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਦੇ ਲੱਖਾਂ ਮਜਦੂਰਾਂ ਨੂੰ ਅਜੇ ਤੱਕ 01 ਮਈ ਦੇ ਮਜ਼ਦੂਰ ਦਿਵਸ ਵਾਰੇ ਵੀ ਪੂਰੀ ਜਾਣਕਾਰੀ ਨਹੀਂ ਹੈ ਅਤੇ ਨਾਂ ਹੀ ਕਿਸੇ ਸਰਕਾਰੀ ਅਧਿਕਾਰੀ ਨੇ ਇਹਨਾਂ ਵੱਲ ਦੇਖਿਆ ਹੈ। ਇਨ੍ਹਾਂ ਮਜਦੂਰਾਂ ਲਈ 01 ਮਈ ਮਜਦੂਰ ਦਿਵਸ ਦਾ ਕਦੋਂ ਮਹੱਤਵ ਹੋਵੇਗਾ ਇਹ ਅਜੇ ਤੱਕ ਵੀ ਇੱਕ ਵੱਡੀ ਬੁਝਾਰਤ ਹੀ ਹੈ। ਜੇਕਰ ਅਸੀਂ ਸੱਚਮੁਚ ਸ਼ਿਕਾਗੋ ਦੇ ਸ਼ਹਿਦਾਂ ਨੂੰ ਸ਼ਰਧਾਂਜਲੀ ਦੇਣੀ ਹੈ ਤਾਂ ਸਾਨੂੰ ਸਭਨੂੰ ਮਿਲਕੇ ਮਜ਼ਦੂਰਾਂ ਦੀ ਵਿਗੜਦੀ ਹਾਲਤ ਵਿੱਚ ਸੁਧਾਰ ਲਿਆਉਣ ਲਈ ਸੰਜੀਦਗੀ ਨਾਲ ਸੋਚਣਾ ਬਣਦਾ ਹੈ। 01 ਮਈ ਦਾ ਦਿਹਾੜਾ ਮਨਾਉਣ ਦਾ ਅਸਲੀ ਮਕਸਦ ਉਦੋਂ ਹੀ ਪੂਰਾ ਹੋਵੇਗਾ ਜਦੋਂ ਮਜਦੂਰਾਂ ਦੇ ਹੱਕ ਪੂਰੀ ਤਰਾਂ ਸੁਰਖਿਅਤ ਹੋਣਗੇ, ਉਨ੍ਹਾਂ ਦੀ ਹੋ ਰਹੀ ਲੁੱਟ ਖਸੁਟ ਬੰਦ ਹੋਵੇਗੀ। ਸਰਕਾਰਾਂ ਮਜ਼ਦੂਰ ਵਰਗ ਅਤੇ ਉਹਨਾਂ ਦੇ ਪਰਿਵਾਰਾਂ ਲਈ ਸਿੱਖਿਆ, ਸਿਹਤ ਅਤੇ ਕੰਮ ਦੀ ਗਰੰਟੀ ਦੇ ਸਬੰਧ ਵਿਚ ਕੋਈ ਠੋਸ ਨੀਤੀਆਂ ਲੈ ਕੇ ਆਉਣ ਅਤੇ ਮਜ਼ਦੂਰ ਜਮਾਤ ਦੇ ਬੱਚਿਆਂ ਲਈ ਮਿਆਰੀ ਅਤੇ ਉਚ ਸਿੱਖਿਆ ਦੇਣ ਲਈ ਕੋਈ ਕਨੂੰਨ ਲੈ ਕੇ ਆਵੇ। ਕਿਸੇ ਵੀ ਦੇਸ਼ ਦੀ ਬੁਨਿਆਦ ਉੱਥੋਂ ਦੇ ਮਜ਼ਦੂਰਾਂ ਵੱਲੋਂ ਬਣਾਈ ਗਈ ਨੀਂਹ 'ਤੇ ਟਿਕੀ ਹੁੰਦੀ ਹੈ, ਇਸ ਲਈ ਮਜ਼ਦੂਰ ਅਤੇ ਦੇਸ਼ ਦੀ ਨੀਂਹ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਲੈਨਿਨ ਨੇ ਰੂਸ ਵਿੱਚ ਮਜ਼ਦੂਰ ਜਮਾਤ ਨਾਲ ਸਰਮਾਏਦਾਰੀ ਪ੍ਰਬੰਧ ਵੱਲੋਂ ਹੋ ਰਹੀ ਧੱਕੇਸ਼ਾਹੀ ਅਨਿਆਂ ਵਿਰੁੱਧ ਲਾਮਬੰਦੀ ਕਰਕੇ ਤਿੱਖਾ ਸ਼ੰਘਰਸ਼ ਕੀਤਾ ਸੀ ਅਤੇ ਸਰਮਾਏਦਾਰੀ ਪ੍ਰਬੰਧ ਨੂੰ ਢਹਿ ਢੇਰੀ ਕਰਕੇ ਉਥੇ ਮਜ਼ਦੂਰ ਜਮਾਤ ਦਾ ਰਾਜ ਸਥਾਪਤ ਕੀਤਾ। ਆਖਿਰ ਸਾਡੇ ਦੇਸ਼ ਵਿੱਚ ਮਜ਼ਦੂਰ ਵਰਗ ਕਦੋਂ ਮਜ਼ਬੂਤ ਹੋਵੇਗਾ ? ਕਵੀ ਬਾਬਾ ਨਾਜਮੀ ਨੇ ਮਜ਼ਦੂਰ ਵਰਗ ਦੀ ਤ੍ਰਾਸਦੀ ਨੂੰ ਬਾਖੂਬ ਪੇਸ਼ ਕੀਤਾ ਹੈ।

ਜਿਸ ਧਰਤੀ 'ਤੇ ਰਜਵਾਂ ਟੁੱਕਰ ਖਾਂਦੇ ਨਈਂ ਮਜ਼ਦੂਰ ।
ਉਸ ਧਰਤੀ ਦੇ ਹਾਕਮ ਕੁੱਤੇ, ਉਸ ਦੇ ਹਾਕਮ ਸੂਰ ।
ਮੇਰੇ ਵਾਂਗੂੰ ਚਾਰ ਦਿਹਾੜੇ ਭੱਠੀ ਕੋਲ ਖਲੋ,
ਮੁੱਲਾਂ ਫੇਰ ਵਿਖਾਵੀਂ ਮੈਨੂੰ ਆਪਣੇ ਮੂੰਹ ਦਾ ਨੂਰ ।
ਪਲ ਪਲ ਚੌੜਾ ਹੁੰਦਾ ਜਾਵੇ, ਲੋੜਾਂ ਦਾ ਦਰਿਆ,
ਹੌਲੀ ਹੌਲੀ ਡੁੱਬਦਾ ਜਾਵੇ, ਸੱਧਰਾਂ ਵਾਲਾ ਪੂਰ ।
ਹੱਥੋਂ ਸੁੱਟ ਜਦੋਂ ਦਾ ਆਸਾ, ਆਂਦੀ ਕਲਮ ਦਵਾਤ,
ਮੰਜ਼ਿਲ ਮੈਨੂੰ ਵਾਜਾਂ ਮਾਰੇ, ਰਸਤੇ ਨੂਰੋ-ਨੂਰ ।



**ਕੁਲਦੀਪ ਸਿੰਘ ਸਾਹਿਲ**
**ਮੋਬਾਈਲ ਨੰਬਰ -88376-46099**
**ਸਿਰਨਾਵਾਂ:- # 16, ਏ ਫੋਕਲ ਪੁਆਇੰਟ ਰਾਜਪੁਰਾ**

# ਅੰਬੇਡਕਰ ਭਵਨ 'ਚ ਹੋਵੇਗਾ ਬੁੱਧ ਜਯੰਤੀ ਦਾ ਮੁੱਖ ਸਮਾਗਮ 3 ਮਈ ਨੂੰ

## ਬੁੱਧ ਜਯੰਤੀ ਸਮਾਗਮ 'ਚ ਧੰਮਚਾਰੀ ਅਚਲ ਕੀਰਤੀ ਧੰਮ ਦੇਸ਼ਨਾ ਦੇਣਗੇ

**ਜਲੰਧਰ (ਸਮਾਜ ਵੀਕਲੀ ):** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੁੱਧ ਜਯੰਤੀ ਦਾ ਮੁੱਖ ਸਮਾਗਮ ਬਾਬਾ ਸਾਹਿਬ ਡਾ. ਅੰਬੇਡਕਰ ਦੀ ਚਰਨ-ਛੋਹ ਪ੍ਰਾਪਤ ਇਤਿਹਾਸਿਕ ਸਥਾਨ ਅੰਬੇਡਕਰ ਭਵਨ ਜਲੰਧਰ 'ਚ 3 ਮਈ, ਐਤਵਾਰ ਸਵੇਰੇ 9.00 ਵਜੇ ਆਯੋਜਿਤ ਕੀਤਾ ਜਾ ਰਿਹਾ ਹੈ। ਬਲਦੇਵ ਭਾਰਦਵਾਜ ਨੇ ਕਿਹਾ ਕਿ ਬੁੱਧ ਜਯੰਤੀ (2570ਵੀਂ ਬੁੱਧ ਪੂਰਨਿਮਾ) ਤਥਾਗਤ ਗੌਤਮ ਬੁੱਧ ਦੇ ਜਨਮ, ਗਿਆਨ ਪ੍ਰਾਪਤੀ ਅਤੇ ਮਹਾਪਰਿਨਿਰਵਾਣ ਦੀ ਯਾਦ ਵਿੱਚ ਮਨਾਈ ਜਾਂਦੀ ਹੈ। ਗੌਤਮ ਬੁੱਧ, ਜੋ ਬੁੱਧ ਧਮ ਦੇ ਸੰਸਥਾਪਕ ਸਨ, ਸ਼ਾਂਤੀ, ਕਰੁਣਾ ਅਤੇ ਗਿਆਨ ਦੇ ਪ੍ਰਤੀਕ ਮੰਨੇ ਜਾਂਦੇ ਹਨ। ਤਥਾਗਤ ਬੁੱਧ ਨੇ ਜਾਤ-ਪਾਤ ਅਤੇ ਭੇਦਭਾਵ ਨੂੰ ਨਕਾਰਦੇ ਹੋਏ ਸਾਰੀ ਮਨੁੱਖਤਾ ਨੂੰ ਬਰਾਬਰ ਮੰਨਿਆ। ਸੱਚ ਦੀ



**ਧੰਮਚਾਰੀ ਅਚਲਕੀਰਤੀ ਦੀ ਫਾਈਲ ਫੋਟੋ**

ਖੋਜ ਲਈ ਉਹਨਾਂ ਨੇ ਰਾਜਕੁਮਾਰ ਹੋਣ ਦੇ ਬਾਵਜੂਦ ਰਾਜ-ਭਾਗ ਅਤੇ ਪਰਿਵਾਰਕ ਸੁੱਖਾਂ ਦਾ ਤਿਆਗ ਕੀਤਾ। ਉਹਨਾਂ ਨੇ ਮਨੁੱਖ ਨੂੰ ਸੱਚ ਬੋਲਣ ਅਤੇ ਗਿਆਨ (ਬੁੱਧੀ) ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਭਾਰਦਵਾਜ ਨੇ ਅੱਗੇ ਕਿਹਾ ਕਿ ਮਾਨਯੋਗ ਧੰਮਚਾਰੀ ਅਚਲ ਕੀਰਤੀ ਧੰਮ ਦੇਸ਼ਨਾ ਦੇਣਗੇ ਅਤੇ ਡਾ. ਜੀ. ਸੀ. ਕੌਲ ਅਤੇ ਸ਼੍ਰੀ ਚਰਨ ਦਾਸ ਸੰਧੂ ਅਤੇ ਹੋਰ ਉੱਘੇ ਵਿਦਵਾਨ ਬੁੱਧ ਦਰਸ਼ਨ 'ਤੇ ਵਿਸਥਾਰ ਨਾਲ ਚਾਨਣਾ ਪਾਉਣਗੇ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ**
**ਸੁਸਾਇਟੀ (ਰਜਿ.)**

## ਤੇਜ਼ ਰਫਤਾਰ ਨਾਲ ਆ ਰਹੇ ਟਿੱਪਰ ਨੇ 28 ਸਾਲਾਂ ਨੌਜਵਾਨ ਨੂੰ ਮੌਤ ਦੇ ਘਾਟ ਉਤਾਰਿਆ !

**ਹੁਸ਼ਿਆਰਪੁਰ /ਗੜ੍ਹਦੀਵਾਲਾ 30 ਅਪ੍ਰੈਲ (ਤਰਸੇਮ ਦੀਵਾਨਾ ) -** ਹੁਸਿਆਰਪੁਰ ਦਸੂਹਾ ਹਾਈਵੇ ਤੇ ਪੈਂਦੇ ਕਸਬਾ ਗੜ੍ਹਦੀਵਾਲਾ ਦੇ ਨੇੜਲੇ ਪਿੰਡ ਗੋਦ-ਪੁਰ ਵਿਖੇ ਦੇਰ ਰਾਤ ਵਾਪਰੇ ਸੜਕ ਹਾਦਸੇ ਦੌਰਾਨ ਮੋਟਰਸਾਈਕਲ ਸਵਾਰ ਨੌਜਵਾਨ ਦੀ ਟਿੱਪਰ ਦੀ ਚਪੇਟ ਵਿੱਚ ਆਉਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਗੁਰਸਿਮਰਨ ਜੋਤ ਸਿੰਘ ਉਰਫ਼ ਸਿੰਮਾ ਪੁੱਤਰ ਹਰਦੀਪ ਸਿੰਘ ਉਰਫ਼ ਭੁੱਟੋ (28)ਵਾਸੀ ਪਿੰਡ ਅਰਗੋਵਾਲ ਆਪਣੇ ਸਪਲੈਂਡਰ ਮੋਟਰਸਾਈਕਲ ਨੰਬਰ ਪੀਬੀ-ਸੀਏ 7768 ਤੇ ਸਵਾਰ ਹੋਕੇ



ਗੜ੍ਹਦੀਵਾਲਾ ਸਾਈਡ ਤੋ ਆਪਣੇ ਨਿੱਜੀ ਕੰਮ ਲਈ ਪਿੰਡ ਗੋਦਪੁਰ ਵੱਲ ਨੂੰ ਜਾ ਰਿਹਾ ਸੀ। ਜਦੋਂ ਉਹ ਗੋਦਪੁਰ ਪੁੱਜਾ ਤਾਂ ਪਿੱਛੋ ਆ ਰਹੇ ਤੇਜ਼ ਰਫਤਾਰ ਟਿੱਪਰ ਪੀ.ਬੀ-08 ਡੀ.ਐਸ 5935 ਦੇ ਚਾਲਕ ਨੇ ਉਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਜਿਸ ਕਰਕੇ ਟਾਇਰ ਹੇਠਾਂ ਨਾਲ ਉਸਦੀ ਮੌਕੇ ਤੇ ਮੌਤ ਹੋ ਗਈ। ਗੜ੍ਹਦੀਵਾਲਾ ਪੁਲਿਸ ਦੇ ਏਐਸਆਈ ਦਰਸ਼ਨ ਸਿੰਘ ਨੇ ਪੁਲੀਸ ਫੋਰਸ ਸਮੇਤ ਮੌਕੇ ਤੇ ਪੁੱਜਕੇ ਆਪਣੀ ਤਫਤੀਸ਼ ਸ਼ੁਰੂ ਕਰ ਦਿੱਤੀ । ਪੁਲਿਸ ਵਲੋਂ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋਈਆਂ ਮੌਕੇ ਦੀਆਂ ਤਸਵੀਰਾਂ ਨੂੰ ਖੰਗਾਲਿਆਂ ਜਾ ਰਿਹਾ ਹੈ। ਪੁਲਿਸ ਵੱਲੋਂ ਮ੍ਰਿਕ ਨੌਜਵਾਨ ਦੀ ਲਾਸ ਕਬਜੇ ਵਿੱਚ ਲੈਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।







# ਅੰਤਰਰਾਸ਼ਟਰੀ ਮਜ਼ਦੂਰ ਦਿਵਸ

ਉਤਪਾਦਨ ਦ ਚਾਰ ਸਾਧਨ ਹੁੰਦੇ ਹਨ ਜਿਵੇਂ ਕਿ ਭੂਮੀ, ਮਜ਼ਦੂਰ, ਪੂੰਜੀ ਅਤੇ ਉਦਮ। ਇਹਨਾਂ ਚਾਰਿਆਂ ਵਿੱਚੋਂ ਮਜ਼ਦੂਰ ਸਭ ਤੋਂ ਜਿਆਦਾ ਮਹੱਤਵਪੂਰਨ ਹੈ। ਕਿਉਂਕਿ ਮਨੁੱਖ ਕੰਮ ਧੰਦਾ ਸ਼ੁਰੂ ਕਰਨ ਵਾਸਤੇ ਪੂੰਜੀ, ਟਰੇਨਿੰਗ ਅਤੇ ਸ਼ੁਰੂ ਕੀਤੇ ਜਾਣ ਦੇ ਕੰਮ ਦੀ ਚੋਣ ਕਰਕੇ ਤਰੱਕੀ ਕਰ ਸਕਦਾ ਹੈ। ਕੰਮ ਕਰਨ ਲੱਗਿਆਂ ਮਜ਼ਦੂਰਾਂ ਦੀਆਂ ਕਈ ਜਰੂਰੀ ਗੱਲਾਂ ਜਰੂਰ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਜਿਵੇਂ ਕਿ ਉਹਨਾਂ ਤੋਂ ਅੱਠ ਘੰਟੇ ਤੋਂ ਜਿਆਦਾ ਕੰਮ ਨਹੀਂ ਕਰਾਉਣਾ ਚਾਹੀਦਾ ਅਤੇ ਜੇਕਰ ਜਿਆਦਾ ਕੰਮ ਵੀ ਕਰਵਾਇਆ ਜਾਣ ਲੱਗੇ ਤਾਂ ਓਵਰ ਟਾਈਮ ਦੇਣਾ ਚਾਹੀਦਾ ਹੈ, ਸੱਟ ਲੱਗਣ ਅਤੇ ਮੌਤ ਹੋ ਜਾਣ ਤੇ ਉਹਨਾਂ ਨੂੰ ਜਾਇਜ਼ ਮੁਆਵਜ਼ਾ ਮਿਲਣਾ ਚਾਹੀਦਾ ਹੈ, ਹਫਤੇ ਵਿੱਚ ਇੱਕ ਦਿਨ ਵੇਤਨ ਸਾਹਿਤ ਛੁੱਟੀ ਮਿਲਨੀ ਚਾਹੀਦੀ ਹੈ, ਜਿਹੜੀਆਂ ਔਰਤਾਂ ਕੰਮ ਕਰ ਰਹੀਆਂ ਹਨ ਜੇਕਰ ਇਸ ਵਿਚਕਾਰ ਉਹ ਮਾਂ ਬਣਦੀਆਂ ਹਨ ਤਾਂ ਉਹਨਾਂ ਨੂੰ ਤਿੰਨ ਮਹੀਨਿਆਂ ਦੀ ਛੁੱਟੀ ਅਤੇ ਤਨਖਾਹ ਮਿਲਣੀ ਚਾਹੀਦੀ ਹੈ। ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਪਹਿਲੀ ਮਈ ਨੂੰ ਹਰ ਸਾਲ ਸੰਸਾਰ ਦੇ ਸਾਰੇ ਦੇਸ਼ਾਂ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ॥

ਅਸਲ ਵਿੱਚ ਮਜ਼ਦੂਰ ਦਿਵਸ ਮਨਾਏ ਜਾਣ ਦੀ ਸ਼ੁਰੂਆਤ ਅਮਰੀਕਾ ਵਿੱਚ ਹੋਈ ਸੀ ਜਦੋਂ ਕਿ ਕੁਝ ਮਜ਼ਦੂਰ ਜਥੇਬੰਦੀਆਂ ਨੇ ਆਪਣੀਆਂ ਮੰਗਾਂ ਨੂੰ ਮਨਵਾਉਣ ਵਾਸਤੇ ਰੋਸ ਪ੍ਰਗਟਾਵਾ ਕੀਤਾ ਸੀ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਏ ਜਾਣ ਦਾ ਸਿਹਰਾ ਪੀਟਰ ਮੈਗਕਾਇਰ ਅਤੇ ਮੈਥੂ ਮੈਗੂਅਰ ਦੇ ਸਿਰ ਤੇ ਜਾਂਦਾ ਹੈ ਜਿਨਾਂ ਨੇ ਮਜ਼ਦੂਰਾਂ ਦੇ ਹੱਕ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਦਾ ਕੰਮ ਸ਼ੁਰੂ ਕੀਤਾ। ਅਸਲ ਵਿੱਚ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਮਨਵਾਉਣ ਲਈ ਮਜ਼ਦੂਰ ਲੋਕ ਟਰੇਡ ਯੂਨੀਅਨ ਬਣਾਉਂਦੇ ਹਨ। ਟਰੇਡ ਯੂਨੀਅਨ ਮਜ਼ਦੂਰਾਂ ਦੀ ਆਪਣੀ ਮਰਜ਼ੀ ਨਾਲ ਬਣਾਈ ਹੋਈ ਇੱਕ ਸੰਸਥਾ ਹੁੰਦੀ ਹੈ ਜਿਹੜੀ ਕਿ ਆਪਣੇ ਮਾਲਕਾਂ ਤੋਂ ਆਪਣੀਆਂ ਮੰਗਾਂ ਸ਼ਾਂਤੀ ਪੂਰਵਕ ਤਰੀਕੇ ਨਾਲ ਮਨਵਾਉਣ ਵਾਸਤੇ ਕੋਸ਼ਿਸ਼ ਕਰਦੀ ਹੈ। ਪਹਿਲਾਂ ਤਾਂ ਮਜ਼ਦੂਰ ਸੰਘ ਆਪਣੀ ਮਾਲਕਾਂ ਨੂੰ ਆਪਣਾ ਮੰਗ ਪੱਤਰ ਦਿੰਦੀਆਂ ਹਨ ਆਪਸ ਵਿੱਚ ਗੱਲਬਾਤ ਵੀ ਹੁੰਦੀ ਹੈ ਤੇ ਜੇਕਰ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਮਜ਼ਦੂਰ ਲੋਕ ਹੜਤਾਲ ਕਰਦੇ ਹਨ, ਜਲੂਸ ਕੱਢਦੇ ਹਨ, ਭੁੱਖ ਹੜਤਾਲ ਤੇ ਬੈਠਦੇ ਹਨ, ਨਾਰੇ ਲਗਾਉਂਦੇ ਹਨ ਅਤੇ ਬਾਈਕੋਟ ਦੀ ਨੀਤੀ ਵੀ ਅਪਣਾਉਂਦੇ ਹਨ। ਮਜ਼ਦੂਰਾਂ ਅਤੇ ਮਿਲ ਮਾਲਕਾਂ ਵਿਚਕਾਰ ਮਤ ਭੇਦ ਹੋਣ ਤੇ.ਲਓਬੋਰ ਫ਼ੋਰਸ ਹੁੰਦੀਆਂ ਹਨ, ਠਰਿਬੁਨਓਲ ਵੀ ਹੁੰਦੇ ਹਨ ਜਿਸ ਵਿੱਚ ਮਜ਼ਦੂਰਾਂ, ਮਿਲ ਮਾਲਕਾਂ ਅਤੇ ਸਰਕਾਰ ਦੇ ਪ੍ਰਤੀਨਿਧੀ ਹੁੰਦੇ ਹਨ। ਇਹ ਸਾਰੇ ਮਿਲ ਕੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਜਾਂ ਮੱਤਭੇਦਾਂ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ। ਇੰਜ ਤਾਂ ਅੰਤਰਰਾਸ਼ਟਰੀ ਸ਼ਰਮ ਸੰਗਠਨ (ਨਿਟਏਰਨਓਟਿੋਨਓਲ .ਲਓਬੋਰ ੋਰਗਓਨਿਸਓਟਿੋਨ) ਵੀ ਹਨ ਜਿਹੜੀਆਂ ਕਿ ਅੰਤਰਰਾਸ਼ਟਰੀ ਲੈਵਲ ਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਨਾਲ ਹੱਲ ਕਰਨ ਵਿੱਚ ਮਦਦ ਕਰਦੀਆਂ ਹਨ।

ਕੋਈ ਜਮਾਨਾ ਸੀ ਜਦੋਂ ਕਿ ਬੈਂਕਾਂ, ਫੈਕਟਰੀਆਂ ਅਤੇ ਵਪਾਰਕ ਕੰਮ ਵਿੱਚ ਲੱਗੇ ਹੋਏ ਮਜ਼ਦੂਰ ਆਪਣੀਆਂ ਮੰਗਾਂ ਮਨਵਾਉਣ ਵਾਸਤੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਤੇ ਜਲੂਸ ਕੱਢਦੇ ਸਨ, ਗੋਸ਼ਟੀਆਂ ਕਰਦੇ ਸਨ, ਸਰਕਾਰ ਨੂੰ ਮੰਗ ਪੱਤਰ ਦਿੰਦੇ ਸਨ। ਲੇਕਿਨ ਜਿਵੇਂ ਜਿਵੇਂ ਰੂਸ ਅਤੇ ਹੋਰ ਕਮਨਿਸਟ ਦੇਸ਼ਾਂ ਵਿੱਚ ਸਰਕਾਰਾਂ ਦਾ ਪਤਨ ਹੁੰਦਾ ਗਿਆ ਅਤੇ ਪੂੰਜੀਵਾਦ ਵਧਦਾ ਗਿਆ ਮਜ਼ਦੂਰ ਸੰਘ ਕਮਜ਼ੋਰ ਹੋ ਗਏ। ਮਜ਼ਦੂਰਾਂ ਅਤੇ ਕਰਮਚਾਰੀਆਂ ਦੀ ਤਨਖਾਹ ਵਿੱਚ ਵਾਧਾ ਹੋਣ ਕਰਕੇ ਵੀ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਅੱਜ ਕੱਲ ਉਤਨੇ ਜੋਸ਼ ਨਾਲ ਨਹੀਂ ਮਨਾਇਆ ਜਾਂਦਾ ਜਿਵੇਂ ਕਿ ਅੱਜ ਤੋਂ 50 ਸਾਲ ਪਹਿਲਾਂ ਮਨਾਇਆ ਜਾਂਦਾ ਸੀ। ਉਂਜ ਤਾਂ ਸਰਕਾਰ ਨੇ ਮਜ਼ਦੂਰਾਂ ਦੇ ਹਿੱਤ ਵਾਸਤੇ ਕਈ ਕਾਨੂੰਨ ਪਾਸ ਕਰ ਰੱਖੇ ਹਨ ਔਰ ਅਤੇ ਸਮੇਂ ਸਮੇਂ ਤੇ ਉਹਨਾਂ ਤੇ ਅਮਲ ਵੀ ਹੁੰਦਾ ਹੈ ਪਰੰਤੂ ਅੱਜ ਕੱਲ ਕਿਉਂਕਿ ਪੂੰਜੀਵਾਦ ਸਮਾਜਵਾਦ ਤੇ ਹਾਵੀ ਹੋ ਰਿਹਾ ਹੈ ਤਾਂ ਮਜ਼ਦੂਰਾਂ ਦੇ ਨਾਲ ਹੋਰ ਇਨਸਾਫ ਨਹੀਂ ਹੁੰਦਾ ਜਿਹੜਾ ਕਿ ਹੋਣਾ ਚਾਹੀਦਾ ਸੀ। ਬਹੁਤ ਸਾਰੇ ਖੇਤਰਾਂ ਵਿੱਚ ਕਰਮਚਾਰੀਆਂ ਤੋਂ ਅੱਠ ਘੰਟੇ ਤੋਂ ਜਿਆਦਾ ਦੇਰ ਕੰਮ ਕਰਾਇਆ ਜਾਂਦਾ ਹੈ ਅਤੇ ਉਹਨਾਂ ਨੂੰ ਕੋਈ ਓਵਰ ਟਾਈਮ ਨਹੀਂ ਦਿੱਤਾ ਜਾਂਦਾ। ਪ੍ਰਾਈਵੇਟ ਸੈਕਟਰ ਵਾਲੇ ਬਿਨਾਂ ਨੋਟਿਸ ਦੇ ਕਿਸੇ ਵੀ ਕਰਮਚਾਰੀ ਨੂੰ ਕਿਸੇ ਵੇਲੇ ਵੀ ਬਿਨਾਂ ਕਾਰਨ ਦੱਸੇ ਨੌਕਰੀ ਤੋਂ ਹਟਾ ਸਕਦੇ ਹਨ। ਅੱਜ ਕੱਲ ਬਹੁਤ ਸਾਰੇ ਸਰਕਾਰੀ ਦਫਤਰਾਂ ਵਿੱਚ ਪਦ ਖਾਲੀ ਪਏ ਹਨ ਉਹਨਾਂ ਨੂੰ ਭਰਿਆ ਨਹੀਂ ਜਾ ਰਿਹਾ ਜਿਹੜੇ ਪਿੱਛੇ ਰਹਿ ਜਾਂਦੇ ਹਨ ਉਹਨਾਂ ਕਰਮਚਾਰੀਆਂ ਨੂੰ ਸਾਰਾ ਕੰਮ ਕਰਨਾ ਪੈਂਦਾ ਹੈ ਅੱਜ ਕੱਲ ਸਰਕਾਰ ਨੌਕਰੀਆਂ ਵਿੱਚ ਪੱਕੀਆਂ ਭਰਤੀਆਂ ਕਰਨ ਦੇ ਬਦਲੇ ਠੇਕੇ ਤੇ ਲਗਾਉਂਦੀ ਹੈ ਜਿਨਾਂ ਨੂੰ ਕਿਸੇ ਵੀ ਟਾਈਮ ਹਟਾਇਆ ਜਾ ਸਕਦਾ ਹੈ ਅਤੇ ਕੋਈ ਮੁਆਵਜਾ ਪੈਨਸ਼ਨ ਵਗੈਰਾ ਨਹੀਂ ਦਿੱਤੀਆਂ ਜਾਂਦੀ। ਅਸਲ ਵਿੱਚ ਦੇਖਿਆ ਜਾਏ ਤਾਂ ਜਿਵੇਂ ਜਿਵੇਂ ਦੇਸ਼ਾਂ ਵਿੱਚ ਤਰੱਕੀ ਹੋ ਰਹੀ ਹੈ ਉਸ ਦੇ ਨਾਲ ਹੀ ਮਜ਼ਦੂਰ ਸੰਘ ਵੀ ਕਮਜ਼ੋਰ ਹੁੰਦੇ ਜਾ ਰਹੇ ਹਨ। ਆਪਸੀ ਫੁੱਟ ਅਤੇ ਮਿਲ ਮਾਲਕਾ ਦੀ ਸ਼ਰਾਰਤ ਦੇ ਨਾਲ ਵੀ ਮਜ਼ਦੂਰ ਸਨ ਕਮਜ਼ੋਰ ਹੋ ਗਏ ਹਨ ਅਤੇ ਆਪਣੇ ਮਾਲਕਾਂ ਦਾ ਆਪਣੀਆਂ ਮੰਗਾਂ ਨਹੀਂ ਮਨਵਾ ਸਕਦੇ। ਜਿਤਨੀ ਜਰੂਰਤ ਮਜ਼ਦੂਰ ਮੰਗਾਂ ਅਤੇ ਮਜ਼ਦੂਰ ਦਿਵਸ ਮਨਾ ਕੇ ਅੱਜ ਕੱਲ ਪੂਰੀ ਕਰਨ ਦੀ ਜਰੂਰਤ ਹੈ ਉਨੀ ਪਹਿਲੇ ਕਦੇ ਨਹੀਂ ਸੀ।



ਪ੍ਰੋਫੈਸਰ ਸ਼ਾਮ ਲਾਲ ਕੌਸ਼ਲ
ਮੋਬਾਈਲ 94 16 35 9045
ਰੋਹਤਕ ਹਰਿਆਣਾ

# ਇਕ ਮਈ ਨੂੰ ਹੀ ਕਿਉਂ ਮਨਾਇਆ ਜਾਂਦਾ ਹੈ ਮਜ਼ਦੂਰ ਦਿਵਸ?

ਇਕ ਮਈ ਨੂੰ ਕਈ ਦੇਸ਼ਾਂ ਵਿੱਚ ਅੰਤਰਰਾਸ਼ਟਰੀ ਤੋਰ ਤੇ ਮਜ਼ਦੂਰ ਦਿਵਸ ਜਾਨੀ ਮਈ ਦਿਵਸ ਮਨਾਇਆ ਜਾਂਦਾ ਹੈ।ਇਸ ਨੂੰ ਲੈਬਰ ਡੇ, ਮਜ਼ਦੂਰ ਦਿਵਸ, ਮਈ- ਡੇ, ਆਦਿ ਅਲੱਗ ਅਲੱਗ ਨਾਮ ਹੇਠ ਮਨਾਇਆ ਜਾਂਦਾਂ ਹੈ। ਇਸ ਦਿਨ ਭਾਰਤ ਸਮੇਤ ਸਾਰੇ ਦੇਸ਼ਾਂ ਵਿਚ ਮਿਹਨਤਕਸ਼ ਲੋਕਾਂ ਭਾਵ ਅਲੱਗ ਅਲੱਗ ਕਿਤਿਆਂ, ਕੰਪਨੀਆਂ, ਫੈਕਟਰੀਆਂ, ਭੱਠਿਆਂ ਸਮੇਤ ਹਰ ਜਗ੍ਹਾ ਕੰਮ ਕਰ ਰਹੇ ਮਜ਼ਦੂਰਾਂ ਦੀਆਂ ਮੁਸਕਲਾਂ ਅਤੇ ਉਪਲੱਬਧੀਆਂ ਬਾਰੇ ਮਜ਼ਦੂਰ ਯੂਨੀਅਨ ਵੱਲੋਂ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਅਲੱਗ ਅਲੱਗ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਤਰੱਕੀ ਲਈ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਜਾਂਦਾ ਹੈ। ਅਤੇ ਉਨ੍ਹਾਂ ਦਾ ਯੋਗਦਾਨ ਲਈ ਵਿਸ਼ੇਸ਼ ਧੰਨਵਾਦ ਕੀਤਾ ਜਾਦਾ ਹੈ। ਮਜ਼ਦੂਰ ਵਰਗ ਇਸ ਨੂੰ ਏਕਤਾ, ਬਰਾ-ਬਰਤਾ, ਅਤੇ ਹੱਕਾਂ ਦੇ ਸਮਰਥਨ ਲਈ ਮਨਾਉਂਦੇ ਹਨ।ਇਸ ਦਿਨ ਦੁਨੀਆਂ ਦੇ ਅਲੱਗ ਅਲੱਗ ਦੇਸ਼ਾਂ ਵਿਚ ਛੁੱਟੀ ਵੀ ਕੀਤੀ ਜਾਂਦੀ ਹੈ।ਇਸ ਦਿਨ ਅਲੱਗ ਅਲੱਗ ਸੰਗਠਨਾਂ ਨਾਲ ਜੁੜੇ ਮਜ਼ਦੂਰ ਲੋਕਾਂ ਵੱਲੋਂ ਆਪੋ ਆਪਣੀ ਯੂਨੀਅਨ ਹੇਠ ਹੱਕਾਂ ਲਈ ਰੈਲੀਆਂ ਅਤੇ ਮੀਟਿੰਗਾਂ ਵੀ ਕੀਤੀਆਂ ਜਾਂਦੀਆਂ ਹਨ।ਅਤੇ ਉਨ੍ਹਾਂ ਵੱਲੋਂ ਆਪਣੇ ਅਧਿਕਾਰਾਂ ਲਈ ਅਵਾਜ਼ ਬੁਲੰਦ ਕੀਤੀ ਜਾਂਦੀ ਹੈ। ਭਾਵੇਂ ਕਿ ਲੋਕ ਡਾਊਨ ਦੇ ਦਿਨਾਂ ਵਿਚ ਮਜ਼ਦੂਰ ਵਰਗ ਵੀ ਕਾਫੀ ਪ੍ਰਭਾਵਿਤ ਹੋਇਆ ਸੀ। ਭਾਰਤ ਦੇ ਮਜ਼ਦੂਰ ਲੋਕ ਪੂਰੇ ਭਾਰਤ ਸਮੇਤ ਵਿਦੇਸ਼ਾਂ ਵਿਚ ਵੀ ਵਸੇ ਹੋਏ ਹਨ। ਇਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਅਲੱਗ ਅਲੱਗ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਕਈ ਤਰ੍ਹਾਂ ਦੀਆਂ ਸੁਵਿਧਾਵਾਂ ਦਿੱਤੀਆਂ ਗਈਆਂ ਹਨ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਜ਼ਦੂਰ ਦਿਵਸ ਦੀ ਹੋਂਦ ਲਈ ਮਜ਼ਦੂਰਾਂ ਨੂੰ ਅਨੇਕਾਂ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ ਹੈ। ਭਾਰਤ ਵਿਚ ਮਜ਼ਦੂਰ ਦਿਵਸ ਦੀ ਸ਼ੁਰੂਆਤ 1 ਮਈ 1923 ਵਿਚ ਹੋਈ ਅਤੇ ਇਸ ਨੂੰ ਲੇਬਰ ਡੇਅ,ਮਈ ਦਿਵਸ, ਸਮਿਕ ਦਿਵਸ, ਮਜ਼ਦੂਰ ਦਿਵਸ ਆਦਿ ਨਾਮ ਜਥੇਬੰਦੀਆਂ ਵੱਲੋਂ ਦਿੱਤੇ ਗਏ। ਇਸ ਦਿਨ ਸਾਰੀਆਂ ਕੰਪਨੀਆਂ ਵਿਚ ਕੰਮ ਕਰਨ ਵਾਲੀ ਲੇਬਰ ਨੂੰ ਛੁੱਟੀ ਕੀਤੀ ਜਾਂਦੀ ਹੈ। ਅਤੇ ਇਸ ਦਿਨ ਦੁਨੀਆਂ ਦੇ ਕਰੀਬਨ 80 ਦੇਸ਼ ਰਾਸ਼ਟਰੀ ਤੌਰ ਤੇ ਕਾਮਿਆਂ ਲਈ ਛੁੱਟੀ ਕਰਦੇ ਹਨ।ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ 1 ਮਈ 1886 ਵਿਚ ਅਮਰੀਕਾ ਦੇ ਸੰਗਠਨ ਵੱਲੋਂ ਹੋਈ ਸੀ। ਇਸ ਦਿਨ ਅਮਰੀਕਾ ਦੀ ਲੇਬਰ ਵੱਲੋਂ ਫ਼ੈਸਲਾ ਕੀਤਾ ਗਿਆ ਸੀ ਕਿ ਉਹ 8 ਘਿੰਟੇ ਤੋਂ ਜ਼ਿਆਦਾ ਕੰਮ ਨਹੀਂ ਕਰਨਗੇ।ਇਸ ਦਿਨ ਅਮਰੀਕਾ ਵਿਚ ਤਿੰਨ ਲੱਖ ਮਜ਼ਦੂਰ ਇਕੱਠੇ ਹੋਏ ਸਨ। ਅਤੇ ਉਨ੍ਹਾਂ ਵੱਲੋਂ ਆਪਣੇ ਅਧਿਕਾਰਾਂ ਲਈ ਹੜਤਾਲ ਕਰ ਦਿੱਤੀ ਗਈ। ਇਸੇ ਤਰ੍ਹਾਂ ਸ਼ਿਕਾਗੋ ਵਿੱਚ ਵੀ ਮਜ਼ਦੂਰਾਂ ਵੱਲੋਂ 4 ਮਈ 1886 ਨੂੰ ਅੱਠ ਘਿੰਟੇ ਕੰਮ ਕਰਨ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਗਿਆ। ਇਸ ਦੋਰਾਨ ਸ਼ਿਕਾਗੋ ਦੀ ਹੇਅ ਮਾਰਕੀਟ ਵਿਚ ਬੰਬ ਧਮਾਕਾ ਹੋ ਗਿਆ। ਤੇ ਸ਼ਿਕਾਗੋ ਦੀ ਪੁਲਿਸ ਵੱਲੋਂ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ ਤੇ ਗੋਲੀ ਚਲਾ ਦਿੱਤੀ ਗਈ।ਇਸ ਨਾਲ ਕਈ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕਰੀਬਨ 100 ਤੋਂ ਜ਼ਿਆਦਾ ਮਜ਼ਦੂਰ ਜ਼ਖ਼ਮੀ ਕਰ ਦਿੱਤੇ ਗਏ। ਸ਼ਿਕਾਗੋ ਦੇ ਮਜ਼ਦੂਰ ਸੰਗਠਨਾਂ ਵੱਲੋਂ ਪਹਿਲੀ ਵਾਰ ਆਪਣੇ ਸ਼ਹੀਦ ਹੋਏ ਸਾਥੀਆਂ ਦੀ ਯਾਦ ਵਿਚ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਘਟਨਾ ਤੋਂ ਬਾਅਦ 1889 ਨੂੰ ਪੈਰਿਸ ਦੇ ਅੰਤਰਰਾਸ਼ਟਰੀ ਸਮਾਜਵਾਦੀ ਸਮੇਲਨ ਵਿਚ ਸ਼ਿਕਾਗੋ ਵਿਚ ਮਾਰੇ ਮਜ਼ਦੂਰਾਂ ਨੂੰ ਸ਼ਰਧਾਂਜਲੀ ਦਿੰਦਿਆਂ ਐਲਾਨ ਕੀਤਾ ਗਿਆ 1 ਮਈ ਨੂੰ ਇਸ ਦਿਨ ਨੂੰ ਮਜ਼ਦੂਰ ਦਿਵਸ ਦੇ ਰੂਪ ਵਿਚ ਮਨਾਇਆ ਜਾਇਆਂ ਕਰੇਗਾ। ਅਤੇ ਇਸ ਦਿਨ ਸਾਰੇ ਮਜ਼ਦੂਰ ਆਪਣੇ ਕੰਮਾਂ ਤੋਂ ਛੁੱਟੀ ਕਰਨਗੇ।ਮਜ਼ਦੂਰਾਂ ਦੇ ਸੰਗਠਨ ਅੱਗੇ ਝੁੱਕਦਿਆਂ ਸਰਕਾਰ ਵੱਲੋਂ ਬੰਬ ਧਮਾਕੇ ਦੀ ਜਾਂਚ ਕੀਤੀ ਗਈ ਅਤੇ ਦੋਸ਼ੀ ਪਾਏ ਅਪਰਾਧੀਆਂ ਨੂੰ ਸ਼ਰੇਆਮ ਫਾਸੀ ਦੇ ਦਿੱਤੀ ਗਈ। ਇਸੇ ਤਰ੍ਹਾਂ ਭਾਰਤ ਵਿਚ ਮਜ਼ਦੂਰ ਦਿਵਸ ਦੀ ਸ਼ੁਰੂਆਤ ਮਦਰਾਸ ਵਿਚ ਹੋਈ । ਲੇਬਰ ਕਿਸਾਨ ਪਾਰਟੀ ਵੱਲੋਂ 1923 ਵਿਚ ਪਹਿਲੀ ਵਾਰ ਇਸ ਦਿਨ ਅਜ਼ਾਦੀ ਤੋਂ ਪਹਿਲਾਂ ਭਾਰਤ ਵਿਚ ਲਾਲ ਝੰਡੇ ਨੂੰ ਉਠਾਇਆ ਤੇ ਲਹਿਰਾਇਆ ਗਿਆ। ਇਸ ਪਾਰਟੀ ਦੇ ਆਗੂ ਸ਼ਿੰਗਾਰਾ ਵੈਲੂ ਚੇਤਿਅਰ ਨੇ ਇਕ ਦਿਨ ਵਿਚ ਦੋ ਜਗ੍ਹਾ ਪ੍ਰੋਗਰਾਮ ਰੱਖਿਆ ਸੀ। ਪਹਿਲਾਂ ਪ੍ਰੋਗਰਾਮ ਟ੍ਰਿਪਲੀ ਕੇਨ ਵਿਚ ਅਤੇ ਦੂਸਰਾ ਪ੍ਰੋਗਰਾਮ ਮਦਰਾਸ ਦੇ ਹਾਈਕੋਰਟ ਦੇ ਸਾਮਣੇ ਰੱਖਿਆ ਗਿਆ ਸੀ। ਇਸੇ ਦਿਨ ਪਾਰਟੀ ਆਗੂ ਵੱਲੋਂ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ 1 ਮਈ ਨੂੰ ਮਜ਼ਦੂਰ ਦਿਵਸ ਘੋਸ਼ਿਤ ਕੀਤਾ ਜਾਵੇ। ਅਤੇ ਇਸ ਦਿਨ ਸਾਰੇ ਮਜ਼ਦੂਰਾਂ ਨੂੰ ਕੰਮ ਤੋਂ ਛੁੱਟੀ ਦਿੱਤੀ ਜਾਵੇ।ਇਸ ਦਿਨ ਤੋਂ ਮਜ਼ਦੂਰਾਂ ਨਾਲ ਹੁੰਦੀ ਹਿੰਸਾਂ ਖਿਲਾਫ ਵੀ ਅਵਾਜ਼ ਬੁਲੰਦ ਕੀਤੀ ਗਈ। ਇਸ ਤੋਂ ਬਾਅਦ ਪੂਰੇ ਭਾਰਤ ਵਿਚ ਮਜ਼ਦੂਰ ਨੇਤਾ ਮਜ਼ਦੂਰਾਂ ਦੇ ਪੱਖ ਵਿਚ ਨਿਤਰੇ ਇਸ ਵਿਚ ਮੁੱਖ ਭੂਮਿਕਾ ਨਰਾਇਣ ਸਾਮੰਤ ਡਾਕਟਰ ਦੀ ਰਹੀ। ਇਨ੍ਹਾਂ ਦੀ ਅਗਵਾਈ ਹੇਠ ਬੰਬੇ ਹੜਤਾਲ ਕੀਤੀ ਗਈ। ਜਿਸ ਨੇ ਪੂਰੀ ਬੰਬਈ ਹਿਲਾ ਕੇ ਰੱਖ ਦਿੱਤੀ।ਇਸ ਹੜਤਾਲ ਤੋਂ ਬਾਅਦ 1947 ਵਿਚ ਮਜ਼ਦੂਰਾਂ ਦੇ ਹੱਕਾਂ ਲਈ ਕਨੂੰਨ ਬਣਾਇਆ ਗਿਆ। ਇਸੇ ਤਰਾਂ ਜਾਰਜ਼ ਫਰਨਾਂਡਿਸ ਵੀ ਮਜ਼ਦੂਰਾਂ ਦੇ ਮੁੱਖ ਨੇਤਾ ਵੱਲੋਂ ਉਭਰੇ ਉਨ੍ਹਾਂ ਵੱਲੋਂ ਰੇਲ ਹੜਤਾਲ ਵੀ ਕੀਤੀ ਗਈ ਸੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਅੱਜ ਵੀ ਮਜ਼ਦੂਰ ਸੰਗਠਨਾਂ ਵੱਲੋਂ ਭਾਰਤ ਅਤੇ ਦੁਨੀਆ ਭਰ ਦੇ ਦੇਸ਼ਾਂ ਵਿਚ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ।



ਪੱਤਰਕਾਰ ਹਰਜਿੰਦਰ ਸਿੰਘ ਚੰਦੀ
9814601638

# ਮਜ਼ਦੂਰ ਦਿਵਸ

ਹਰ ਸਾਲ ਲੇਬਲ ਡੇ ਮਜ਼ਦੂਰਾਂ ਅਤੇ ਕਰਮਚਾਰੀਆਂ ਦੀ ਮਹਿਨਤ ਨੂੰ ਸਲਾਮ ਕਰਨ ਲਈ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਜੇ ਅਸੀਂ ਸਮਾਜ ਦੇ ਸਭ ਤੋਂ ਮਹੱਤਵਪੂਰਨ ਕਰਮਚਾਰੀ ਦੀ ਗੱਲ ਕਰੀਏ, ਤਾਂ ਉਹ ਹੈ ਅਧਿਆਪਕ, ਜਿਸ ਦੇ ਬਿਨਾਂ ਕਿਸੇ ਵੀ ਦੇਸ਼ ਦੀ ਤਰੱਕੀ ਅਸੰਭਵ ਹੈ। ਅਧਿਆਪਕ ਸਿਰਫ਼ ਪਾਠ ਨਹੀਂ ਪੜ੍ਹਾਉਂਦਾ, ਬਲਕਿ ਬੱਚਿਆਂ ਦੇ ਚਰਿੱਤਰ, ਸੋਚ ਅਤੇ ਭਵਿੱਖ ਨੂੰ ਵੀ ਨਿਰਮਾਣ ਕਰਦਾ ਹੈ। ਡਾਕਟਰ, ਇੰਜੀਨੀਅਰ ਜਾਂ ਅਫਸਰ ਹਰ ਇੱਕ ਦੀ ਬੁਨਿਆਦ ਇੱਕ ਅਧਿਆਪਕ ਹੀ ਰੱਖਦਾ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਅਧਿਆਪਕ ਤੋਂ ਬਿਨਾਂ ਕੋਈ ਵੀ ਕੰਮ ਸੰਭਵ ਨਹੀਂ। ਅਧਿਆਪਕ ਇੱਕ ਬਹੁਤ ਹੀ ਮੇਹਨਤੀ ਹੁੰਦਾ ਹੈ। ਉਹ ਸਿਰਫ਼ ਸਕੂਲ ਦੇ ਸਮੇਂ ਤੱਕ ਸੀਮਿਤ ਨਹੀਂ ਰਹਿੰਦਾ, ਬਲਕਿ ਘਰ ਜਾ ਕੇ ਵੀ ਪਾਠ ਦੀ ਤਿਆਰੀ, ਕਾਪੀਆਂ ਦੀ ਜਾਂਚ ਅਤੇ ਵਿਦਿਆਰਥੀਆਂ ਲਈ ਯੋਜਨਾਵਾਂ ਬਣਾਉਂਦਾ ਹੈ। ਕਈ ਵਾਰ ਉਹ ਆਪਣੀ ਨਿੱਜੀ ਜ਼ਿੰਦਗੀ ਨੂੰ ਵੀ ਪਿੱਛੇ ਛੱਡ ਕੇ ਬੱਚਿਆਂ ਦੇ ਭਵਿੱਖ ਲਈ ਕੰਮ ਕਰਦਾ ਹੈ।

ਇਸ ਤੋਂ ਇਲਾਵਾ, ਅਧਿਆਪਕਾਂ 'ਤੇ ਕਈ ਵਧੀਕ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ। ਸਕੂਲਾਂ ਵਿੱਚ ਆਉਣ ਵਾਲੀਆਂ ਗ੍ਰਾਂਟਾਂ ਦਾ ਸਹੀ ਇਸਤੇਮਾਲ ਅਤੇ ਖਰਚ, ਬੱਚਿਆਂ ਲਈ ਚੱਲ ਰਹੇ ਦਿ ਧਓੰਇਓਲ ਸ਼ਚਹਇਮਏ ਦਾ ਪ੍ਰਬੰਧ, ਸਫਾਈ ਅਤੇ ਪ੍ਰਬੰਧਕੀ ਕੰਮ ਵੀ ਅਧਿਆਪਕਾਂ ਨੂੰ ਹੀ ਸੰਭਾਲਣੇ ਪੈਂਦੇ ਹਨ। ਇਹ ਸਾਰਾ ਕੰਮ ਉਹ ਬੜੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕਰਦੇ ਹਨ। ਖਾਸ ਕਰਕੇ ਚੋਣਾਂ ਦੇ ਸਮੇਂ ਅਧਿਆਪਕਾਂ ਨੂੰ ਓਲਇਚਟਿਨ ਛੋਮਮਿਸਸਿੋਨ ੋਡ ਇਨਦਿਓ ਵੱਲੋਂ ਵੱਖ-ਵੱਖ ਡਿਊਟੀਆਂ ਦਿੱਤੀਆਂ ਜਾਂਦੀਆਂ ਹਨ। ਉਹ BLO (Booth Level Ofifcer) ਦੇ ਤੌਰ 'ਤੇ ਵੋਟਰ ਲਿਸਟਾਂ ਦੀ ਤਿਆਰੀ, ਜਾਂਚ ਅਤੇ ਅਪਡੇਟ ਕਰਨ ਦੇ ਨਾਲ ਨਾਲ ਸੈਂਸਸ ਅਤੇ ਹੋਰ ਸਰਕਾਰੀ ਮੁਹਿੰਮਾਂ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹਨਾਂ ਸਾਰੀਆਂ ਜ਼ਿੰਮੇਵਾਰੀਆਂ ਦੇ ਬਾਵਜੂਦ ਵੀ ਅਧਿਆਪਕ ਆਪਣੀ ਮੁੱਖ ਡਿਊਟੀ ਸਿੱਖਿਆ ਦੇਣਾ ਨੂੰ ਕਦੇ ਨਹੀਂ ਭੁੱਲਦਾ। ਇਸ ਲਈ ਇਹ ਵੀ ਲੋੜ ਹੈ ਕਿ ਅਧਿਆਪਕਾਂ ਦੀਆਂ ਸਮੱਸਿਆਵਾਂ ਵੱਲ ਵੀ ਧਿਆਨ ਦਿੱਤਾ ਜਾਵੇ। ਖਾਸ ਕਰਕੇ ਪੁਰਾਣੀ ਪੈਂਸ਼ਨ ਸਕੀਮ (ੌਲਦ ਫਏਨਸਿੋਨ ਸ਼ਚਹਇਮਏ) ਦੀ ਬਹਾਲੀ ਬਾਰੇ ਗੰਭੀਰ ਵਿਚਾਰ ਹੋਣਾ ਚਾਹੀਦਾ ਹੈ, ਤਾਂ ਜੋ ਉਹਨਾਂ ਦਾ ਬੁਢਾਪਾ ਸੁਰੱਖਿਅਤ ਅਤੇ ਸਨਮਾਨ ਨਾਲ ਬੀਤ ਸਕੇ। ਅਖ਼ੀਰ ਵਿੱਚ, ਲੇਬਰ ਡੇ ਦੇ ਮੌਕੇ 'ਤੇ ਸਾਨੂੰ ਅਧਿਆਪਕਾਂ ਦੀ ਮੇਹਨਤ, ਨਿਸ਼ਠਾ ਅਤੇ ਸਮਰਪਣ ਨੂੰ ਸਲਾਮ ਕਰਨਾ ਚਾਹੀਦਾ ਹੈ। ਅਸਲ ਵਿੱਚ, ਅਧਿਆਪਕ ਹੀ ਸਮਾਜ ਦਾ ਅਸਲ ਨਿਰਮਾਤਾ ਅਤੇ ਸੱਚਾ ਮੇਹਨਤੀ ਕਰਮਚਾਰੀ ਹੈ, ਜਿਸ ਦੇ ਬਿਨਾਂ ਕਿਸੇ ਵੀ ਦੇਸ਼ ਦੀ ਤਰੱਕੀ ਸੋਚੀ ਵੀ ਨਹੀਂ ਜਾ ਸਕਦੀ।

**ਅੰਜੂ ਸੂਦ**
**ਹੈੱਡ ਟੀਚਰ ਲਲਹੇੜੀ**
**8146558019**



# ਮਜ਼ਦੂਰ ਦਿਵਸ ਚੋਂ ਮਨਫੀ ਹੋ ਰਿਹਾ ਮਜ਼ਦੂਰ

**( ਮਜ਼ਦੂਰ ਦਿਵਸ ਤੇ ਵਿਸ਼ੇਸ਼)**

ਕਿਸੇ ਵੀ ਸਮਾਜ, ਦੇਸ਼ , ਸੰਸਥਾ ਜਾਂ ਕਾਰੋਬਾਰ ਨੂੰ ਉਸਾਰਨ/ ਕਾਮਯਾਬ ਕਰਨ ਵਿੱਚ ਜਿੱਥੇ ਮਾਲਕ, ਸਰਮਾਏ ਤੇ ਸਰਕਾਰਾਂ ਦਾ ਯੋਗਦਾਨ ਮੰਨਿਆ ਜਾਂਦਾ ਹੈ, ਉੱਥੇ ਮਜ਼ਦੂਰਾਂ ਦਾ ਵੀ ਅਹਿਮ ਯੋਗਦਾਨ ਹੁੰਦਾ ਹੈ। ਉਹਨਾਂ ਦੁਆਰਾ ਕੀਤੀ ਗਈ ਹੱਥੀਂ ਕਿਰਤ ਜਿੱਥੇ ਦੇਸ਼-ਸਮਾਜ ਦੀਆਂ ਨੀਹਾਂ ਨੂੰ ਪਕੇਰਿਆਂ ਕਰਦੀ ਹੈ, ਉੱਥੇ ਕਾਰੋਬਾਰ ਨੂੰ ਕਾਮਯਾਬੀ ਦੀਆਂ ਸ਼ਿਖਰਾਂ ਤੇ ਲੈ ਕੇ ਜਾਣ ਚ ਵੀ ਆਪਣਾ ਬਣਦਾ ਯੋਗਦਾਨ ਪਾਉਂਦੀ ਹੈ। ਦੇਸ਼-ਦੁਨੀਆਂ ਅੰਦਰ ਮਜ਼ਦੂਰਾਂ ਦੁਆਰਾ ਦੇਸ਼ ਦੀ ਤਰੱਕੀ ਚ ਪਾਏ ਗਏ ਯੋਗਦਾਨ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਸਾਡੇ ਇਤਿਹਾਸਾਂ ਚ ਸਾਹਮਣੇ ਆਉਂਦੀਆਂ ਹਨ। ਜੇਕਰ ਮਜ਼ਦੂਰ ਜਮਾਤ ਨੂੰ ਦੇਸ਼ / ਸਮਾਜ ਦੀ ਤਰੱਕੀ ਦਾ ਧੁਰਾ ਕਿਹਾ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਮਜ਼ਦੂਰ ਦਿਵਸ ਦੇ ਇਤਿਹਾਸ ਚ ਸਰਸਰੀ ਨਜ਼ਰ ਮਾਰੀਏ ਤਾਂ ਇਹ ਮਜ਼ਦੂਰ ਦੇ ਕੰਮ ਦੇ ਸਮੇਂ/ ਘੰਟਿਆਂ ਨੂੰ ਨਿਸ਼ਚਿਤ ਕਰਨ ਲਈ ਲੜੇ ਗਏ ਸੰਘਰਸ਼ਾਂ ਦੌਰਾਨ ਸ਼ਹੀਦ ਹੋਏ ਮਜ਼ਦੂਰ ਸਾਥੀਆਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਅਤੇ ਮਜ਼ਦੂਰਾਂ ਨੂੰ ਓਹਨਾਂ ਦੇ ਹੱਕਾਂ/ ਅਧਿਕਾਰਾਂ ਬਾਰੇ ਜਾਗਰੂਕ ਕਰਨ ਲਈ ਮਨਾਏ ਜਾਂਦੇ ਅਹਿਮ ਦਿਨ ਵਜੋਂ ਹੈ। ਇਤਿਹਾਸ ਦੱਸਦਾ ਹੈ ਕਿ 1 ਮਈ 1886 ਨੂੰ ਅਮਰੀਕਾ ਦੀ ਹੇਅ ਮਾਰਕੀਟ ਅੰਦਰ ਕੰਮ ਦੇ ਅੱਠ ਘੰਟੇ ਨਿਸ਼ਚਿਤ ਕਰਨ ਲਈ ਕੀਤੀ ਗਈ ਸਾਂਤਮਈ ਹੜਤਾਲ ਦੌਰਾਨ ਕਿਸ ਤਰ੍ਹਾਂ ਸਰਕਾਰੀ ਤੰਤਰ ਨੇ ਮਜ਼ਦੂਰਾਂ




ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਤੇ ਇਸੇ ਤਰ੍ਹਾਂ ਹੀ ਸਿਕਾਗੋ ਅੰਦਰ ਕੀਤਾ ਗਿਆ। ਭਾਰਤ ਵਿੱਚ ਮਜਦੂਰ ਦਿਵਸ ਮਨਾਉਣ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਚੇਨਈ ਵਿਚ 1 ਮਈ 1923 ਨੂੰ ਕੀਤੀ ਗਈ ।ਇਸ ਦਿਨ ਨੂੰ 'ਮਦਰਾਸ ਦਿਵਸ' ਵਜੋਂ ਪ੍ਰਵਾਨ ਕੀਤਾ ਗਿਆ। ਮਜ਼ਦੂਰਾਂ ਨੇ ਬਹੁਗਿਣਤੀ ਚ ਮਦਰਾਸ ਹਾਈਕੋਰਟ ਸਾਹਮਣੇ ਇਕੱਠੇ ਹੋ ਕੇ ਪ੍ਰਦਰਸ਼ਨ ਕੀਤਾ ਤੇ ਇਸ ਦਿਨ ਨੂੰ ਕਾਮੇ ਦਿਵਸ ਵਜੋਂ ਮਾਨਤਾ ਦੇਣ ਤੇ ਛੁੱਟੀ ਦੀ ਮੰਗ ਕੀਤੀ ਜੋ ਕਿ ਪ੍ਰਵਾਨ ਕਰ ਲਈ ਗਈ। ਇਸ ਤਰ੍ਹਾਂ ਭਾਰਤ ਸਮੇਤ 80 ਦੇ ਕਰੀਬ ਦੇਸ਼ਾਂ ਅੰਦਰ ਹਰ ਸਾਲ 1 ਮਈ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਵੈਸੇ ਤਾ ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਉਹਨਾਂ ਮਹਾਨ ਕਿਰਤੀ ਮਜ਼ਦੂਰਾਂ ਦੀ ਕੁਰਬਾਨੀਆਂ ਨੂੰ ਯਾਦ ਕਰਨ ਅਤੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਬਾਰੇ ਜਾਗਰੂਕ ਕਰਨ ਦਾ ਹੈ ਪਰ ਅਜੋਕੇ ਮਜ਼ਦੂਰ ਵਰਗ ਨੂੰ ਕਿਤੇ ਨਾਂ ਕਿਤੇ ਸਰਕਾਰਾਂ/ ਮਜ਼ਦੂਰਾਂ ਦੇ ਨਾਵਾਂ ਤੇ ਬਣੀਆਂ ਅਖੌਤੀ ਸੰਸਥਾਵਾਂ ਵੱਲੋਂ ਆਪਣੀ ਘਟੀਆ ਰਾਜਨੀਤੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਜਿਸ ਮਜ਼ਦੂਰ ਨੇ ਦੇਸ਼/ ਸਮਾਜ ਤੇ ਨਿੱਜੀ ਕਾਰੋਬਾਰਾਂ ਨੂੰ ਬੁਲੰਦੀਆਂ ਤੇ ਪਹੁੰਚਾਇਆ ਹੈ, ਉਸ ਮਜ਼ਦੂਰ ਨੂੰ ਅੱਜ ਦੋ ਵਕਤ ਦੀ ਰੋਟੀ ਕਮਾਉਣ ਤੋਂ ਵੀ ਵਾਂਝਾ ਕੀਤਾ ਜਾ ਰਿਹਾ ਹੈ। ਠੀਕ ਹੈ ਅਸੀਂ ਮਸ਼ੀਨੀਕਰਨ ਦੇ ਯੁੱਗ ਨੂੰ ਦੇਸ਼ ਦੀ ਤਰੱਕੀ ਦਾ ਸੁਨਹਿਰੀ ਯੁੱਗ ਆਖਦੇ ਹਾਂ , ਉੱਥੇ ਇਸ ਯੁੱਗ ਨੇ ਬਹੁਤੇ ਮਜ਼ਦੂਰਾਂ ਦੇ ਘਰਾਂ ਦੇ ਚੁੱਲ੍ਹੇ ਵੀ ਠੰਢੇ ਕੀਤੇ ਹਨ। ਤਪਦੀਆਂ ਗਰਮੀਆਂ ਚ ਫੈਕਟਰੀਆਂ ਚ ਸੌ- ਸੌ ਦਰਜੇ ਦੇ ਤਾਪਮਾਨ ਅੱਗੇ ਖੜ੍ਹੇ ਮਜ਼ਦੂਰ ਨੂੰ ਕਦੇ ਮਜ਼ਦੂਰ ਦਿਵਸ ਬਾਰੇ ਪੁੱਛ ਕੇ ਤਾਂ ਦੇਖੋ ਕਿ ਕਿਸ ਬਲਾ ਨੂੰ ਮਜ਼ਦੂਰ ਦਿਵਸ ਕਿਹਾ ਜਾਂਦਾ ਹੈ ? ਚਾਹੀਦਾ ਤਾਂ ਇਹ ਸੀ ਕਿ ਇਹਨਾਂ ਦੇ ਕੰਮ ਕਰਨ ਦੇ ਘੰਟੇ ਹੋਰ ਘਟਾਏ ਜਾਂਦੇ ਪਰ ਪਿਛਲੇ ਸਮੇਂ ਚ ਕੇਂਦਰ ਵੱਲੋਂ ਪਾਸ ਕੀਤੇ ਗਏ ਲੇਬਰ ਕੋਡ ਕਾਨੂੰਨਾਂ ਨੇ ਜਿੱਥੇ ਇਹਨਾਂ ਦੇ ਕੰਮ ਦੇ ਸਮੇਂ ਵਿੱਚ ਵਾਧਾ ਕੀਤਾ ਹੈ, ਉੱਥੇ ਇਹਨਾਂ ਨੂੰ ਆਪਣੇ ਹੱਕਾਂ ਲਈ ਲੜਨ ਖਾਤਰ ਮਿਲੇ ਹੜਤਾਲ ਵਗੈਰਾ ਕਰਨ ਦੇ ਅਧਿਕਾਰ ਵੀ ਖੋਹੇ ਗਏ ਹਨ। ਸਰਕਾਰੀ ਸਿਸਟਮ ਦੀ ਵਾਈਟ ਕਾਲਰ ਬਹੁਗਿਣਤੀ ਕਰਮਚਾਰੀ/ ਮਜ਼ਦੂਰ ਜਮਾਤ ਅੱਜ ਫੈਕਟਰੀ ਜਾਂ ਖੇਤ ਮਜ਼ਦੂਰ ਤੋਂ ਦੂਰ ਹੋ ਚੁੱਕੀ ਹੈ। ਇੱਕ ਮਈ ਨੂੰ ਜਦੋਂ ਇਹ ਜਮਾਤ ਮਜ਼ਦੂਰ ਦਿਵਸ ਦੀ ਛੁੱਟੀ ਦਾ ਅਨੰਦ ਵੱਡੇ ਸ਼ਾਪਿੰਗ ਮਾਲਾਂ ਚ ਮਾਣ ਰਹੀ ਹੋਵੇਗੀ ਤਾਂ ਅਸਲ ਇਸ ਦਾ ਹੱਕਦਾਰ ਮਜ਼ਦੂਰ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨ ਲਈ ਸਾਈਕਲ ਤੇ ਰੋਟੀ ਦਾ ਡੱਬਾ ਚੁੱਕ ਕੇ ਜਾ ਰਿਹਾ ਹੋਵੇਗਾ। ਜਿੱਥੇ ਸਰਕਾਰੀ ਤੰਤਰ ਇਹਨਾਂ ਦੀ ਭਲਾਈ ਲਈ ਇਕ ਮਈ ਨੂੰ ਏਅਰਕੰਡੀਸ਼ਨਾਂ ਚ ਵਿਸ਼ੇਸ਼ ਵਿਧਾਨ ਸਭਾ ਇਜਲਾਸ ਸੱਦਣ ਦੇ ਦਮਗਜੇ ਮਾਰ ਰਿਹਾ ਹੈ, ਉੱਥੇ ਅਸਲ ਮਾਅਨਿਆਂ ਚ ਅਸਲ ਮਜ਼ਦੂਰ, ਮਜ਼ਦੂਰ ਦਿਵਸ ਚੋਂ ਮਨਫੀ ਹੁੰਦਾ ਜਾਪ ਰਿਹਾ ਹੈ।



**ਬਲਵੀਰ ਸਿੰਘ ਬਾਸੀਆਂ**
**ਪਿੰਡ ਤੇ ਡਾਕ ਬਾਸੀਆਂ ਬੇਟ ( ਲੁਧਿ:)**
**8437600371**



AMBEDKAR INTERNATIONAL MISSION LONDON
Sīla • Samādhi • Paññā

# AMBEDKAR INTERNATIONAL MISSION, LONDON

***Pays Homage to***

## THE GREAT DR BABASAHEB AMBEDKAR

***On the occasion of his 135th Birth Anniversary***

Sunday, 10th May, 2026 From 2 pm (sharp) until 6 pm
At Elmhurst School, Upton Park Road, London, E7 8JY

Sir Stephen Timms MP, Minister of State (Department for Work and Pensions) will be in attendance from 3 pm

The Indian Hign Commission, the Mayor of Newham, and local dignitaries are invited



### HONORARY GUEST

Gaurav J. Pathania is Assistant Professor of Sociology & Peacebuilding at Eastern Mennonite University, Virginia. He is an Ambedkar'ite scholar, activist, poet and a community organiser in the USA.

### SPECIAL TRIBUTE

Special tributes will be paid to Mr. Prem Chand Mann, Mr. Hari Ram Leal and Mr. Gurdial Chand Banger, who all passed away recently. A great loss to the Mission.

**All are cordially invited along with family, friends and relatives**

### Cultural Entertainment

Bhai Tejinder Singh Lallianwale and Giani Onkar Singh
Speeches and Poetry

Lunch (*Langar*) will be strictly served between 12 noon - 1:30 pm only
Mr. Prem Chand Mann's family will provide *Langar* in honour, respect and in memory of Mr. Prem Chand Mann.

### Transport and Parking

- Nearest Underground: Upton Park, District, Hammersmith and City lines.
- The venue is 10 minutes' walk from Upton Park Underground Station
- Free parking at Elmhurst Primary School

Contact:
Tel. 07751-668926

# ਮਜ਼ਦੂਰ ਦਾ ਹੱਕ ਮਜ਼ਦੂਰ ਦਿਵਸ

ਇੱਕ ਮਈ ਨੂੰ ਮਨਾਇਆ ਜਾਣ ਵਾਲਾ ਮਜ਼ਦੂਰ ਦਿਵਸ ਜਿਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਵੀ ਕਿਹਾ ਜਾਂਦਾ ਹੈ। ਇਹ ਦਿਨ ਉਹਨਾਂ ਮਿਹਨਤੀ ਲੋਕਾਂ ਨੂੰ ਸਮਰਪਿਤ ਹੈ ਜੋ ਆਪਣੀ ਮਿਹਨਤ ਅਤੇ ਪਸੀਨੇ ਨਾਲ ਦੇਸ਼ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਮਜ਼ਦੂਰ ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਕਿਉਂਕਿ ਉਹਨਾਂ ਦੇ ਬਿਨਾ ਦੇਸ਼ ਦਾ ਵਿਕਾਸ ਸੰਭਵ ਨਹੀਂ।

ਮਜ਼ਦੂਰ ਦਿਵਸ ਦੀ ਸ਼ੁਰੂਆਤ 19ਵੀਂ ਸਦੀ ਵਿੱਚ ਹੋਈ ਸੀ, ਜਦੋਂ ਉਦਯੋਗਿਕ ਕ੍ਰਾਂਤੀ ਆਈ ਉਸ ਪਹਿਲੇ ਸਮੇਂ ਵਿੱਚ ਮਜ਼ਦੂਰਾਂ ਨੂੰ ਬਹੁਤ ਹੀ ਮੁਸ਼ਕਲ ਹਾਲਾਤਾਂ ਵਿੱਚ ਕੰਮ ਕਰਨਾ ਪੈਂਦਾ ਸੀ। ਉਹਨਾਂ ਨੂੰ ਲੰਬੇ-ਲੰਬੇ ਘੰਟਿਆਂ ਤੱਕ ਕੰਮ ਕਰਨਾ ਪੈਂਦਾ ਸੀ ਅਤੇ ਉਨ੍ਹਾਂ ਨੂੰ ਤਨਖ਼ਾਹ ਬਹੁਤ ਹੀ ਘੱਟ ਮਿਲਦੀ ਸੀ। ਇਸ ਅਨਿਆਇ ਦੇ ਖ਼ਿਲਾਫ਼ ਮਜ਼ਦੂਰਾਂ ਨੇ ਆਵਾਜ਼ ਉਠਾਈ।

1886 ਵਿੱਚ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿੱਚ ਮਜ਼ਦੂਰਾਂ ਨੇ 8 ਘੰਟੇ ਦੇ ਕੰਮ ਦੀ ਮੰਗ ਲਈ ਵੱਡਾ ਅੰਦੋਲਨ ਕੀਤਾ। ਇਹ ਅੰਦੋਲਨ ਕਾਫੀ ਲੰਮੇ ਸਮੇਂ ਤੱਕ ਚਲਿਆ ਇਸਨੂੰ ਹੇਮਾਰਕਿਟ ਅੰਦੋਲਨ ਕਿਹਾ ਜਾਂਦਾ ਹੈ। ਇਸ ਦੀ ਯਾਦ ਵਿੱਚ ਹੀ 1 ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ।

ਭਾਰਤ ਵਿੱਚ ਮਜ਼ਦੂਰ ਦਿਵਸ ਦਾ ਖਾਸ ਮਹੱਤਵ ਮਜ਼ਦੂਰੀ ਕਰਨ ਵਾਲੇ ਮਹਿਨਤਕਸ਼ ਵਿਅਕਤੀਆਂ ਦੇ ਹੱਕ ਤੇ ਸਨਮਾਨ ਦਾ ਦਿਨ ਹੈ। ਭਾਰਤ ਵਿੱਚ ਇਹ ਦਿਨ ਪਹਿਲੀ ਵਾਰ 1923 ਵਿੱਚ ਚੇਨਈ ਵਿੱਚ ਮਨਾਇਆ ਗਿਆ ਸੀ। ਭਾਰਤ ਵਰਗੇ ਦੇਸ਼ ਵਿੱਚ, ਜਿੱਥੇ ਵੱਡੀ ਗਿਣਤੀ ਵਿੱਚ ਲੋਕ ਮਜ਼ਦੂਰੀ ਕਰਦੇ ਹਨ, ਇਹ ਦਿਨ ਉਨ੍ਹਾਂ ਦੇ ਹੱਕਾਂ ਅਤੇ ਸਨਮਾਨ ਦੀ ਯਾਦ ਦਿਲਾਉਂਦਾ ਹੈ। ਮਜ਼ਦੂਰ ਖੇਤੀਬਾੜੀ, ਇਮਾਰਤਾਂ ਦੇ ਨਿਰਮਾਣ, ਫੈਕਟਰੀਆਂ ਅਤੇ ਹੋਰ ਕਈ ਖੇਤਰਾਂ ਵਿੱਚ ਕੰਮ ਕਰਦੇ ਹਨ। ਉਹ ਹਰ ਜਗ੍ਹਾ ਆਪਣੀ ਮਿਹਨਤ ਨਾਲ ਯੋਗਦਾਨ ਪਾਉਂਦੇ ਹਨ।

ਮਜ਼ਦੂਰ ਦਿਵਸ ਸਾਨੂੰ ਇਹ ਸੋਚਣ ਲਈ ਮਜਬੂਰ ਕਰਦਾ ਹੈ ਕਿ ਕੀ ਅਸੀਂ ਮਜ਼ਦੂਰਾਂ ਦਾ ਕਦੀ ਸਨਮਾਨ ਕਰਦੇ ਹਾਂ? ਕੀ ਅਸੀਂ ਉਹਨਾਂ ਦੀ ਮਿਹਨਤ ਨੂੰ ਸਮਝਦੇ ਹਾਂ? ਲੇਕਿਨ ਜਿਥੋਂ ਤੱਕ ਅਸੀਂ ਸਮਝਦੇ ਹਾਂ ਉਨ੍ਹਾਂ ਲਈ ਕਦੀ ਕਿਸੇ ਨੇ ਉਨ੍ਹਾਂ ਦਾ ਸਨਮਾਨ ਕਰਨ ਵਾਰੇ ਨਹੀਂ ਸੋਚਿਆ ਹੋਵੇਗਾ ਸਰਕਾਰਾਂ ਵੱਲੋਂ ਇਸ ਦਿਨ ਸਰਕਾਰੀ ਛੁੱਟੀ ਦਾ ਐਲਾਨ ਤਾਂ ਕਰ ਦਿੱਤਾ ਲੇਕਿਨ ਇਸ ਦਿਨ ਸਿਰਫ਼ ਛੁੱਟੀ ਕਰਨ ਨਾਲ ਇਸ ਦਿਨ ਦਾ ਮਹੱਤਵ ਨਹੀਂ ਵੱਧਦਾ, ਸਗੋਂ ਸਰਕਾਰਾਂ ਹਰ ਉਸ ਮਜ਼ਦੂਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰਨਾ ਚਾਹੀਦਾ ਹੈ ਇਸ ਨਾਲ ਉਨ੍ਹਾਂ ਦੀ ਸਮਾਨਤਾ ਅਤੇ ਉਨ੍ਹਾਂ ਪ੍ਰਤੀ ਸਹਾਨੁਭੂਤੀ ਨੂੰ ਮਜ਼ਬੂਤ ਕਰਨ ਦਾ ਮੌਕਾ ਹੁੰਦਾ ਹੈ। ਹਰ ਕੰਮ ਦੀ ਆਪਣੀ ਮਹੱਤਤਾ ਹੁੰਦੀ ਹੈ ਅਤੇ ਹਰ ਮਜ਼ਦੂਰ ਸਤਿਕਾਰ ਦੇ ਯੋਗ ਹੈ। ਕਿਉਂਕਿ ਮਜ਼ਦੂਰ ਹੀ ਹਨ ਜੋ ਨਾ ਧੁੱਪ ਦੇਖਦੇ ਹਨ ਨਾ ਮੀਂਹ ਹਨ੍ਹੇਰੀ ਅਤੇ ਨਾ ਹੀ ਦਿਨ ਰਾਤ ਦੇਖਦੇ ਹਨ ਉਹ ਹਰ ਵਕਤ ਆਪਣੀ ਜਾਨ ਦੋਜਕਿ ਵਿੱਚ ਪਾ ਕੇ ਦੇਸ਼ ਦਾ ਨਿਰਮਾਣ ਕਰਨ ਲਈ ਤਿਆਰ ਰਹਿੰਦੇ ਹਨ। ਉਹ ਰਾਤ ਦੇ ਉਸ ਵਕਤ ਵੀ ਕੰਮ ਵਿੱਚ ਮਸ਼ਰੂਫ ਰਹਿੰਦੇ ਹਨ ਜਦੋਂ ਅਸੀਂ ਏਸੀ ਦੀ ਠੰਡਕ ਵਿੱਚ ਗਹਿਰੀ ਨੀਂਦ ਦਾ ਆਨੰਦ ਮਾਣ ਰਹੇ ਹੁੰਦੇ ਹਾਂ

ਅੱਜ ਵੀ ਕਈ ਮਜ਼ਦੂਰ ਮੁਸ਼ਕਲ ਹਾਲਾਤਾਂ ਵਿੱਚ ਕੰਮ ਕਰਨ ਲਈ ਮਜਬੂਰ ਹਨ। ਲੇਕਿਨ ਉਨ੍ਹਾਂ ਨੂੰ ਢੰਗ ਦੀ ਤਨਖ਼ਾਹ ਨਹੀਂ ਮਿਲਦੀ ਅਤੇ ਉਨ੍ਹਾਂ ਕੋਲ ਕਈ ਵਾਰ ਸੁਰੱਖਿਆ ਦੇ ਉਪਕਰਣ ਵੀ ਨਹੀਂ ਹੁੰਦੇ। ਖ਼ਾਸ ਕਰਕੇ ਅਸੰਗਠਿਤ ਖੇਤਰ ਦੇ ਮਜ਼ਦੂਰਾਂ ਦੀ ਸਥਿਤੀ ਕਾਫ਼ੀ ਕਠਿਨ ਹੈ। ਇਸ ਲਈ ਸਰਕਾਰਾਂ ਅਤੇ ਸਮਾਜ ਦੋਵਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਦਾ ਬਣਦਾ ਹੱਕ ਉਨ੍ਹਾਂ ਨੂੰ ਮਿਲੇ ਅਤੇ ਮਜ਼ਦੂਰਾਂ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਸਮਝਿਆ ਜਾਵੇ । ਮੁਫ਼ਤ ਦਾ ਰਾਸ਼ਨ ਮਜ਼ਦੂਰ ਦੇ ਅਭਿਮਾਨ ਨੂੰ ਠੇਸ ਪਹੁੰਚਾਉਣਾ ਹੈ। ਮੁਫ਼ਤ ਦਾ ਰਾਸ਼ਨ ਮਜ਼ਦੂਰ ਦੀ ਲੋੜ ਨਹੀਂ ਜ਼ਰੂਰਤ ਹੈ ਉਸ ਨੂੰ ਰੋਜ਼ਗਾਰ ਦੀ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਦੀ ਗਰੰਟੀ ਇਸ ਲਈ ਮਜ਼ਦੂਰ ਹਮੇਸ਼ਾ ਹੀ ਆਪਣਾ ਹੱਕ ਮੰਗਦਾ ਹੈ ਜੋ ਉਸ ਨੂੰ ਨਹੀਂ ਮਿਲਦਾ।

ਲੇਕਿਨ ਸਰਕਾਰਾਂ ਸਿਰਫ ਉਨ੍ਹਾਂ ਨੂੰ ਆਪਣੀਆਂ ਵੋਟਾਂ ਸਮਝਦੀਆਂ ਹਨ ਜੋ ਸਿਰਫ਼ ਵੋਟਾਂ ਲਈ ਉਹਨਾਂ ਨੂੰ ਵਰਤਦੇ ਹਨ।

ਭਾਵੇਂ ਸਰਕਾਰ ਵੱਲੋਂ ਮਜ਼ਦੂਰਾਂ ਲਈ ਕਈ ਕਾਨੂੰਨ ਬਣਾਏ ਗਏ ਹਨ, ਜਿਵੇਂ ਕਿ ਘੱਟੋ-ਘੱਟ ਤਨਖ਼ਾਹ ਕਾਨੂੰਨ, ਉਨ੍ਹਾਂ ਦੀ ਸੁਰੱਖਿਆ ਲਈ ਕਾਨੂੰਨ ਅਤੇ ਕੰਮ ਦੇ ਘੰਟਿਆਂ ਨਾਲ ਸੰਬੰਧਿਤ ਨਿਯਮ। ਪ੍ਰੰਤੂ ਇਹਨਾਂ ਕਾਨੂੰਨਾਂ ਦਾ ਸਹੀ ਢੰਗ ਨਾਲ ਲਾਗੂ ਹੋਣਾ ਵੀ ਬਹੁਤ ਜ਼ਰੂਰੀ ਹੈ। ਮਜ਼ਦੂਰਾਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ, ਮੁਫ਼ਤ ਸਿਹਤ ਸਹੂਲਤਾਂ ਅਤੇ ਹੋਰ ਬੁਨਿਆਦੀ ਸੁਵਿਧਾਵਾਂ ਮਿਲਣੀਆਂ ਚਾਹੀਦੀਆਂ ਹਨ ਅਤੇ ਇੰਨ੍ਹਾਂ ਨੂੰ ਬਣਦਾ ਮਹਿਨਤਾਨਾ ਮਿਲਣਾ ਬਹੁਤ ਜ਼ਰੂਰੀ ਹੈ।

ਮਜ਼ਦੂਰ ਦਿਵਸ ਵਾਲੇ ਦਿਨ ਵੱਖ-ਵੱਖ ਥਾਵਾਂ ‘ਤੇ ਰੈਲੀਆਂ, ਸੈਮੀਨਾਰ ਅਤੇ ਜਾਗਰੂਕਤਾ ਦੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਤਾਂ ਕਿ ਸਾਡੀਆਂ ਸਰਕਾਰਾਂ ਮਜ਼ਦੂਰਾਂ ਪ੍ਰਤੀ ਸਹਾਨੁਭੂਤੀ ਨਾਲ ਪੇਸ਼ ਆਉਣ ਅਤੇ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਉਨ੍ਹਾਂ ਤੱਕ ਪਹੁੰਚਾਉਣ ਨਾ ਕਿ ਮੁਫ਼ਤ ਦਾ ਰਾਸ਼ਨ ਦੇ ਕੇ ਮਜ਼ਦੂਰ ਦੇ ਅਸਲੀ ਹੱਕਾਂ ਤੋਂ ਉਨ੍ਹਾਂ ਨੂੰ ਵਾਂਝੇ ਕੀਤਾ ਜਾਵੇ । ਇਨ੍ਹਾਂ ਪ੍ਰੋਗਰਾਮਾਂ ਦਾ ਮਕਸਦ ਮਜ਼ਦੂਰਾਂ ਦੇ ਹੱਕਾਂ ਬਾਰੇ ਜਾਣਕਾਰੀ ਦੇਣਾ ਹੁੰਦਾ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਵੀ ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਦੱਸਿਆ ਜਾਂਦਾ ਹੈ। ਜਿਸ ਦਿਨ ਮਜ਼ਦੂਰ ਨੂੰ ਉਸਦੀ ਮਹਿਨਤ ਦਾ ਸਹੀ ਮੁੱਲ ਮਿਲਣ ਲੱਗ ਜਾਏਗਾ । ਜਦੋਂ ਉਸ ਨੂੰ ਆਪਣੇ ਅਧਿਕਾਰਾਂ ਲਈ ਪ੍ਰਸ਼ਾਸਨ ਅੱਗੇ ਰੈਲੀਆਂ ਕਰਨ ਦੀ ਲੋੜ ਨਹੀਂ ਪਵੇਗੀ ਤਾਂ ਉਸ ਦਿਨ ਅਸੀਂ ਸਮਝਾਂਗੇ ਕਿ ਸਾਡਾ ਦੇਸ਼ ਅਜ਼ਾਦ ਹੋ ਗਿਆ ਹੈ।

ਅੰਤ ਵਿੱਚ, ਮਜ਼ਦੂਰ ਦਿਵਸ ਸਾਨੂੰ ਇਹ ਸਿੱਖਾਉਂਦਾ ਹੈ ਕਿ ਸਾਨੂੰ ਹਰ ਮਜ਼ਦੂਰ ਦੀ ਮਜ਼ਦੂਰੀ ਦੀ ਇਜ਼ਤ ਕਰਨੀ ਚਾਹੀਦੀ ਹੈ। ਉਸਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸ ਦਾ ਬਣਦਾ ਪੂਰਾ ਹੱਕ ਉਸ ਨੂੰ ਮਿਲ ਜਾਵੇ ਕਿਉਂਕਿ ਮਜ਼ਦੂਰ ਦੇ ਬਿਨਾ ਸਾਡੀ ਜ਼ਿੰਦਗੀ ਅਧੂਰੀ ਹੈ। ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਮਜ਼ਦੂਰ ਵੀ ਇਜ਼ਤ ਨਾਲ ਜੀ ਸਕੇ। ਇਹੀ ਮਜ਼ਦੂਰ ਦਿਵਸ ਦਾ ਅਸਲ ਮਕਸਦ ਹੈ।

**ਚਲਦਾ –**



**ਕ੍ਰਿਸ਼ਨ ਗੋਪਾਲ "ਕਰਵਲ"**
**ਮੋਬਾਈਲ ਨੰਬਰ –**
**9915643321**
**ਪੂਨੀਆ ਕਲੋਨੀ, ਲੇਨ ਨੰਬਰ 1,**
**ਨਜ਼ਦੀਕ ਪੂਨੀਆ ਸਮਾਧ ,**
**ਸੰਗਰੂਰ**






# ਮਜ਼ਦੂਰ ਦਾ ਜ਼ਬਰਦਸਤੀ ਦਿਵਸ ਸਾਰਾ ਸਾਲ ਰਹਿੰਦਾ ਹੈ!

ਇੱਕ ਮਜ਼ਦੂਰ ਲਈ, ਮਜ਼ਦੂਰ ਹੋਣਾ ਮਜਬੂਰ ਹੋਣ ਜਿੰਨਾ ਕੌੜਾ ਅਹਿਸਾਸ ਨਹੀਂ ਹੈ। ਮਹਿੰਗਾਈ, ਬੇਰੁਜ਼ਗਾਰੀ ਅਤੇ ਰਾਜਨੀਤਿਕ ਅੱਤਵਾਦ ਉਹ ਹਨ ਜੋ ਇੱਕ ਮਜ਼ਦੂਰ ਨੂੰ ਆਪਣੇ ਹੱਥੋਂ ਮਰਨ ਲਈ ਮਜਬੂਰ ਕਰਦੇ ਹਨ। ਇਸ ਉਦਾਸੀਨ ਅਤੇ ਬੇਵੱਸ ਯੁੱਗ ਵਿੱਚ, ਇੱਕ ਮਜ਼ਦੂਰ ਦੇ ਹੱਥਾਂ 'ਤੇ ਛਾਲੇ ਜਿਸਨੇ ਜ਼ਿੰਦਗੀ ਦਾ ਭਲਾ ਕੀਤਾ ਹੈ, ਇੱਕ ਪੂਜਾ ਕਰਨ ਵਾਲੇ ਦੇ ਮੱਥੇ 'ਤੇ ਮੱਥਾ ਟੇਕਣ ਦੇ ਨਿਸ਼ਾਨਾਂ ਨਾਲੋਂ ਰੱਬ ਨੂੰ ਵਧੇਰੇ ਪਿਆਰੇ ਹਨ।

ਇੱਕ ਸੱਚਾ ਮਜ਼ਦੂਰ ਉਹ ਹੁੰਦਾ ਹੈ ਜੋ ਆਪਣੇ ਕੰਮ ਵਿੱਚ ਇਮਾਨਦਾਰ ਹੁੰਦਾ ਹੈ। ਮਜ਼ਦੂਰਾਂ ਦੀ ਮਜ਼ਦੂਰੀ ਬਾਰੇ ਅਕਸਰ ਇੱਕ ਹਦੀਸ ਸੁਣਾਈ ਜਾਂਦੀ ਹੈ, ਜਿਸ ਵਿੱਚ ਕਿਹਾ ਗਿਆ ਹੈ, "ਮਜ਼ਦੂਰ ਦੀ ਮਜ਼ਦੂਰੀ ਉਸਦੇ ਪਸੀਨੇ ਸੁੱਕਣ ਤੋਂ ਪਹਿਲਾਂ ਦੇ ਦਿਓ।" ਇਸ ਹਦੀਸ ਦੀ ਅਸਲ ਵਿਆਖਿਆ ਨੂੰ ਜਾਣਨਾ ਹੀ ਇੱਕ ਸੱਚੇ ਮਜ਼ਦੂਰ ਦੀ ਪਛਾਣ ਕਰਨ ਦਾ ਇੱਕੋ ਇੱਕ ਤਰੀਕਾ ਹੈ। ਯਾਨੀ, ਕੰਮ ਇੰਨੀ ਇਮਾਨਦਾਰੀ ਨਾਲ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਪਸੀਨੇ ਨਾਲ ਭਿੱਜ ਜਾਵੇ। ਜੋ ਆਪਣੇ ਕੰਮ ਵਿੱਚ ਇਮਾਨਦਾਰ ਨਹੀਂ ਹੈ ਉਹ ਮਜ਼ਦੂਰ ਚੋਰ ਹੈ। ਉਸਦੀ ਮਜ਼ਦੂਰੀ ਅਸੀਸਾਂ ਤੋਂ ਵਾਂਝੀ ਹੈ। ਸਭ ਤੋਂ ਵਧੀਆ ਕਮਾਈ ਮਨੁੱਖੀ ਹੱਥਾਂ ਦੀ ਮਿਹਨਤ ਹੈ। ਮਜ਼ਦੂਰ ਹਾਦਸਿਆਂ ਦਾ ਸ਼ਿਕਾਰ ਹੋ ਸਕਦਾ ਹੈ, ਪਰ ਬਿਮਾਰੀ ਦਾ ਨਹੀਂ। ਮਜ਼ਦੂਰ ਦੇ ਸਰੀਰ ਨੂੰ ਕਸਰਤ ਦੀ ਲੋੜ ਨਹੀਂ ਹੁੰਦੀ। ਕਿਰਤ ਕਰਨਾ ਸਤਿਕਾਰਯੋਗ ਪੈਗੰਬਰਾਂ ਦਾ ਪੇਸ਼ਾ ਰਿਹਾ ਹੈ। ਰੱਬ ਨੇ ਹਜ਼ਰਤ ਸੁਲੇਮਾਨ (ਅ) ਨੂੰ ਧਰਤੀ ਦੇ ਹਰ ਜੀਵ ਉੱਤੇ ਰਾਜ ਦਿੱਤਾ ਸੀ, ਪਰ ਉਹ ਟੋਕਰੀਆਂ ਬਣਾ ਕੇ ਆਪਣੀ ਰੋਜ਼ੀ ਕਮਾਉਂਦੇ ਸਨ। ਹਜ਼ਰਤ ਦਾਊਦ (ਅ) ਨੇ ਰੱਬ ਤੋਂ ਮਜ਼ਦੂਰੀ ਮੰਗੀ ਸੀ। ਲੋਹਾ ਆਪਣੇ ਹੱਥਾਂ ਵਿੱਚ ਮੋਮ ਵਾਂਗ ਨਰਮ ਹੋ ਜਾਂਦਾ ਸੀ। ਉਹ ਜੰਗੀ ਕੱਪੜੇ ਇਸ ਤਰ੍ਹਾਂ ਬੁਣਦਾ ਸੀ ਜਿਵੇਂ ਉਹ ਬੱਕਰੀਆਂ ਅਤੇ ਊਠਾਂ ਨੂੰ ਚਾਰ ਰਿਹਾ ਹੋਵੇ। ਊਠਾਂ ਨੂੰ ਚਾਰਨ ਸਮੇਤ ਹਰ ਤਰ੍ਹਾਂ ਦੀ ਮਿਹਨਤ, ਰੱਬ ਦੇ ਪਿਆਰੇ ਸੇਵਕਾਂ ਦਾ ਪੇਸ਼ਾ ਰਿਹਾ ਹੈ। ਉਹ ਪੇਸ਼ਾ ਜੋ ਰੱਬ ਦੀ ਦੋਸਤੀ 'ਤੇ ਅਧਾਰਤ ਹੈ। ਮਜ਼ਦੂਰ ਮਜ਼ਦੂਰੀ ਨਾਲ ਨਹੀਂ ਸਗੋਂ ਸਰਕਾਰ ਦੁਆਰਾ ਬਣਾਈਆਂ ਗਈਆਂ ਕਠੋਰ ਸਥਿਤੀਆਂ ਦੀ ਮਜਬੂਰੀ ਨਾਲ ਮਾਰਿਆ ਜਾਂਦਾ ਹੈ। ਉਹ ਰੋਜ਼ਾਨਾ ਮਜ਼ਦੂਰੀ ਕਮਾਉਂਦਾ ਹੈ, ਰੋਜ਼ਾਨਾ ਖਾਂਦਾ ਹੈ, ਅਤੇ ਮਜ਼ਦੂਰ ਦਿਵਸ ਵਾਲੇ ਦਿਨ ਉਨ੍ਹਾਂ ਨੂੰ ਕੰਮ 'ਤੇ ਵੀ ਲਿਆਉਂਦਾ ਹੈ। ਉਸ ਦਿਨ ਛੁੱਟੀ ਦੀ ਬਜਾਏ, ਮਜ਼ਦੂਰਾਂ ਨੂੰ ਦੁੱਗਣੀ ਮਜ਼ਦੂਰੀ ਦੇ ਕੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਮੈਂ ਅਜਿਹੇ ਨਿਰਪੱਖ ਸੋਚ ਵਾਲੇ ਮਜ਼ਦੂਰ ਵੀ ਦੇਖੇ ਹਨ ਜੋ ਆਪਣੀ ਰੋਟੀ ਆਪਣੇ ਨਾਲ ਕੰਮ 'ਤੇ ਲੈ ਜਾਂਦੇ ਹਨ। ਮਜ਼ਦੂਰ ਦੀ ਰੋਟੀ, ਜੋ ਉਸ ਦੇ ਹੱਥ ਦੀ ਹਥੇਲੀ 'ਤੇ ਰੱਖੀ ਜਾਂਦੀ ਹੈ, ਉਸ ਦੇ ਉੱਪਰ ਪਿਆਜ਼ ਹੁੰਦਾ ਹੈ। ਤਾਜ਼ਾ ਪਿਆਜ਼ ਵਿਟਾਮਿਨ ਏ, ਬੀ ਅਤੇ ਸੀ ਦਾ ਸੁਮੇਲ ਹੁੰਦਾ ਹੈ। ਇਹ ਤਿੰਨੋਂ ਵਿਟਾਮਿਨ ਕਿਸੇ ਹੋਰ ਭੋਜਨ ਵਿੱਚ ਇਕੱਠੇ ਨਹੀਂ ਮਿਲਦੇ। ਪਿਆਜ਼ ਮਜ਼ਦੂਰ ਦੀ ਮਾਂ ਖੁਰਾਕ ਹੈ।

ਮਜ਼ਦੂਰ ਇੱਕ ਖਾਸ ਵਰਗ ਹੈ ਜੋ ਕਿਸੇ ਵੀ ਰਾਜ ਦੇ ਚੰਗੇ ਸਲੂਕ ਦਾ ਹੱਕਦਾਰ ਹੈ।

ਮਜ਼ਦੂਰਾਂ ਦੀ ਗਿਣਤੀ ਉਸ ਦੇਸ਼ ਵਿੱਚ ਸਭ ਤੋਂ ਵੱਧ ਹੁੰਦੀ ਹੈ ਜਿੱਥੇ ਮਾਹਿਰਾਂ ਅਤੇ ਸਮਰੱਥ ਦੋਸਤਾਂ ਦੀ ਨਿਗਰਾਨੀ ਹੇਠ ਆਮ ਜਨਤਾ ਲਈ ਮੁਫ਼ਤ ਗੁਣਵੱਤਾ ਵਾਲੀ ਸਿੱਖਿਆ ਅਤੇ ਸਿਖਲਾਈ ਦੇ ਪ੍ਰਬੰਧ ਨਹੀਂ ਹੁੰਦੇ, ਅਤੇ ਜੇ ਹਨ ਵੀ ਤਾਂ ਇੰਨੇ ਮਹਿੰਗੇ ਹੁੰਦੇ ਹਨ ਕਿ ਇੱਕ ਮਜ਼ਦੂਰ ਆਪਣੇ ਬੱਚਿਆਂ ਨੂੰ ਨਿੱਜੀ ਤੌਰ 'ਤੇ ਵਿਕਾਸ ਦੇ ਸਥਾਨ 'ਤੇ ਆਸਾਨੀ ਨਾਲ ਨਹੀਂ ਲਿਜਾ ਸਕਦਾ। ਵਿਕਸਤ ਦੇਸ਼ਾਂ ਵਿੱਚ, ਮਜ਼ਦੂਰ ਵੀ ਸਿੱਖਿਅਤ ਹੁੰਦੇ ਹਨ ਅਤੇ ਉਨ੍ਹਾਂ ਦੀ ਰੋਜ਼ਾਨਾ ਦਿਹਾੜੀ ਇੰਨੀ ਆਕਰਸ਼ਕ ਹੁੰਦੀ ਹੈ ਕਿ ਉਹ ਮਜ਼ਦੂਰੀ ਨੂੰ ਹੀਣ ਭਾਵਨਾ ਨਾਲ ਵੇਖਣ ਵਾਲਾ ਪੇਸ਼ਾ ਨਹੀਂ ਸਮਝਦੇ। ਜੋ ਲੋਕ ਅਧਿਕਾਰਾਂ ਦੀ ਭਰਪੂਰਤਾ ਵਿੱਚ ਸਨਮਾਨਜਨਕ ਜੀਵਨ ਜੀਉਂਦੇ ਹਨ ਉਹ ਮਜ਼ਦੂਰੀ ਦੇ ਪੇਸ਼ੇ ਵਿੱਚ ਰਹਿੰਦੇ ਹੋਏ ਵੀ ਆਪਣੇ ਬੱਚਿਆਂ ਨੂੰ ਇੱਕ ਉੱਜਵਲ ਭਵਿੱਖ ਪ੍ਰਦਾਨ ਕਰ ਸਕਦੇ ਹਨ। ਸਾਡੇ ਦੇਸ਼ ਵਿੱਚ, ਮਨੁੱਖੀ ਅਧਿਕਾਰਾਂ ਦੀ ਘਾਟ ਨੇ ਮਜ਼ਦੂਰ ਨੂੰ ਰਿਸ਼ਤੇਦਾਰੀ ਦੇ ਹੱਕਦਾਰ ਬਣਾ ਦਿੱਤਾ ਹੈ। ਕਿਸੇ ਵੀ ਅਮੀਰ ਕਾਰੋਬਾਰੀ ਦੇ ਵਿਕਾਸ ਪਿੱਛੇ ਮਜ਼ਦੂਰਾਂ ਦੀ ਸਖ਼ਤ ਮਿਹਨਤ ਹੁੰਦੀ ਹੈ।



ਮਜ਼ਦੂਰ ਦੇ ਰਹਿਣ-ਸਹਿਣ ਦੀਆਂ ਸਥਿਤੀਆਂ ਦਾ ਚਿੱਤਰਣ ਇੱਕ ਦਰਦਨਾਕ ਸਥਿਤੀ ਹੈ, ਕਿਉਂਕਿ ਇਸਦਾ ਵਰਣਨ ਕਰਦੇ ਸਮੇਂ ਕਲਮ ਵੀ ਹੰਝੂ ਵਹਾ ਦਿੰਦੀ ਹੈ, ਪਰ ਮਜ਼ਦੂਰ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਲਈ, ਇਸ ਦੁੱਖ ਵਿੱਚੋਂ ਲੰਘਣਾ ਬਹੁਤ ਜ਼ਰੂਰੀ ਹੈ ਤਾਂ ਜੋ ਸੱਤਾ ਵਿੱਚ ਬੈਠੇ ਲੋਕਾਂ ਦੀਆਂ ਰੂਹਾਂ ਨੂੰ ਹਿਲਾ ਦਿੱਤਾ ਜਾ ਸਕੇ। ਮਜ਼ਦੂਰ ਅਤੇ ਦੱਬੇ-ਕੁਚਲੇ ਇੱਕੋ ਤਸਵੀਰ ਦੇ ਦੋ ਪਹਿਲੂ ਹਨ। ਇਹ ਮਜ਼ਦੂਰ ਹੈ ਜੋ ਭੀਖ ਮੰਗਣ ਵਿੱਚ ਮਿਲਣ ਵਾਲੇ ਪਾਣੀ ਨੂੰ ਰੱਦ ਕਰਦਾ ਹੈ ਅਤੇ ਸਬਰ ਦਾ ਘੁੱਟ ਭਰਦਾ ਹੈ ਅਤੇ ਚਿੱਟੇ ਕੱਪੜੇ ਪਾਉਂਦਾ ਹੈ। ਇੱਕ ਮਾਂ ਨੂੰ ਭੱਠੇ 'ਤੇ ਕੰਮ ਕਰਦੇ ਦੇਖ ਕੇ, ਉਸਦਾ ਬੱਚਾ ਆਪਣੀ ਕਿਸਮਤ ਨੂੰ ਕੋਸਦਾ ਹੈ ਕਿਉਂਕਿ ਉਹ ਆਪਣੇ ਸਵਰਗ ਨੂੰ ਸੂਰਜ ਵਿੱਚ ਬਲਦਾ ਦੇਖਦਾ ਹੈ। ਕਾਗਜ਼ ਦੇ ਨੋਟ ਇਸ ਮਜ਼ਦੂਰ ਮਾਂ ਦੀਆਂ ਭਾਵਨਾਵਾਂ ਅਤੇ ਭਾਵਨਾਵਾਂ ਦੀ ਕੀਮਤ ਨਹੀਂ ਦੇ ਸਕਦੇ, ਇਸੇ ਲਈ ਪਰਮਾਤਮਾ ਨੇ ਆਪਣੀ ਦੋਸਤੀ ਦਾ ਇਨਾਮ ਸਥਾਪਿਤ ਕੀਤਾ ਹੈ। ਜਿੱਥੇ ਜੀਵਨ ਦੀਆਂ ਜ਼ਰੂਰਤਾਂ ਕਿਰਤ ਦੀ ਮਜ਼ਦੂਰੀ ਨਾਲੋਂ ਮਹਿੰਗੀਆਂ ਹਨ, ਉੱਥੇ ਬੇਇਨਸਾਫ਼ੀ ਦੀ ਸਰਕਾਰ ਹੈ। ਧਰਤੀ 'ਤੇ ਸਥਾਪਿਤ ਦੇਸ਼ਾਂ ਦੇ ਨਾਮ 'ਤੇ, ਮਨੁੱਖਾਂ ਦੀਆਂ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਲਈ ਪਰਮਾਤਮਾ ਨੇ ਧਰਤੀ ਬਣਾਈ ਹੈ, ਜਿਵੇਂ ਕਿ ਲੇਖਾ ਧਰਤੀ ਤੋਂ ਨਹੀਂ, ਸਗੋਂ ਧਰਤੀ 'ਤੇ ਰਹਿਣ ਵਾਲੇ ਮਨੁੱਖਾਂ ਤੋਂ ਲਿਆ ਜਾਵੇਗਾ। ਇਸ ਧਰਤੀ 'ਤੇ ਰਹਿਣ ਵਾਲੇ ਅਣਗਿਣਤ ਮਜ਼ਦੂਰਾਂ ਨੂੰ ਪਰਮਾਤਮਾ ਨੂੰ ਦੱਸਣਾ ਪੈਂਦਾ ਹੈ ਕਿ ਬਿਜਲੀ, ਗੈਸ, ਪਾਣੀ, ਰਾਸ਼ਨ, ਦਵਾਈ ਅਤੇ ਨਿਆਂ ਸਮੇਤ ਜੀਵਨ ਦੀਆਂ ਸਾਰੀਆਂ ਜ਼ਰੂਰਤਾਂ ਇੰਨੀਆਂ ਮਹਿੰਗੀਆਂ ਸਨ ਕਿ ਭਾਵੇਂ ਅਸੀਂ ਪਸੀਨੇ ਦੀ ਬਜਾਏ ਖੂਨ ਵਹਾਈਏ, ਅਸੀਂ ਸਾਰੀਆਂ ਸਹੂਲਤਾਂ ਨਹੀਂ ਖਰੀਦ ਸਕਦੇ, ਅਤੇ ਇਹ ਸਾਰੀਆਂ ਸਹੂਲਤਾਂ ਉਨ੍ਹਾਂ ਲੋਕਾਂ ਲਈ ਮੁਫਤ ਉਪਲਬਧ ਹਨ ਜਿਨ੍ਹਾਂ ਨੇ ਇਹ ਬੇਇਨਸਾਫ਼ੀ ਲਗਾਈ ਹੈ। ਉਸ ਦਿਨ, ਦੇਸ਼ ਭਗਤੀ ਦੇ ਪਰਦੇ ਹੇਠ ਲੁਕੇ ਮਨੁੱਖੀ ਅਧਿਕਾਰਾਂ ਦੇ ਅਪਰਾਧੀਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਉੱਚ ਅਹੁਦਿਆਂ 'ਤੇ ਬੈਠਣ ਦੀ ਬਜਾਏ, ਅਸੀਂ ਉਹ ਮਜ਼ਦੂਰ ਸੀ ਜਿਨ੍ਹਾਂ ਦੇ ਹੱਕਾਂ ਦਾ ਸਾਡਾ ਦੋਸਤ ਪਰਮਾਤਮਾ ਅੱਜ ਸਾਨੂੰ ਜਵਾਬਦੇਹ ਮੰਗ ਰਿਹਾ ਹੈ। ਮਜ਼ਦੂਰਾਂ ਸਮੇਤ ਸਾਰੇ ਪੇਸ਼ਿਆਂ ਨਾਲ ਜੁੜੇ ਲੋਕਾਂ ਦੇ ਜਾਇਜ਼ ਹੱਕਾਂ ਦੀ ਜ਼ਿੰਮੇਵਾਰੀ ਉਨ੍ਹਾਂ ਲੋਕਾਂ 'ਤੇ ਹੈ ਜੋ ਰਾਜ ਚਲਾਉਂਦੇ ਹਨ, ਪਰ ਬਦਕਿਸਮਤੀ ਨਾਲ, ਉਹ ਰਾਜ ਆਪਣੀਆਂ ਪੀੜ੍ਹੀਆਂ ਦੇ ਹੱਕਾਂ ਨੂੰ ਚੋਰੀ ਕਰਕੇ ਉਨ੍ਹਾਂ ਦੀ ਕਿਸਮਤ ਬਣਾ ਰਿਹਾ ਹੈ। ਬੇਇਨਸਾਫ਼ੀ ਦੇ ਇਸ ਪ੍ਰਬੰਧ ਵਿੱਚ ਬਹੁਤ ਸਾਰੇ ਚਰਿੱਤਰ ਵਾਲੇ ਲੋਕ ਵੀ ਹਨ, ਜਿਨ੍ਹਾਂ ਕਾਰਨ ਮਜ਼ਦੂਰ ਅਜੇ ਵੀ ਜੀਅ ਰਹੇ ਹਨ। ਮਜ਼ਦੂਰ ਰਾਸ਼ਟਰੀ ਅਤੇ ਜਨਤਕ ਵਿਕਾਸ ਦੇ ਆਰਕੀਟੈਕਟ ਹਨ। ਉਨ੍ਹਾਂ ਨੂੰ ਮਹਿੰਗਾਈ ਦੀ ਸਲੀਬ ਤੋਂ ਉਤਾਰਨਾ ਅਤੇ ਉਨ੍ਹਾਂ ਨੂੰ ਜੀਵਨ ਦੀਆਂ ਸਸਤੀਆਂ ਜ਼ਰੂਰਤਾਂ ਨਾਲ ਜੋੜਨਾ ਹੀ ਉਨ੍ਹਾਂ ਦੇ ਹੱਕ ਦੇਣ ਦਾ ਇੱਕੋ ਇੱਕ ਤਰੀਕਾ ਹੈ।



ਲਿਖਤ: ਜ਼ਫ਼ਰ ਇਕਬਾਲ ਜ਼ਫ਼ਰ (ਲਹਿੰਦਾ ਪੰਜਾਬ)

# ਚਾਨਣ ਦਾ ਮਸੀਹਾ ਸਾਬਕਾ ਡੀ.ਐੱਸ.ਪੀ. ਨਾਹਰ ਸਿੰਘ ਫਤਿਹਮਾਜਰੀ

ਨਾਹਰ ਸਿੰਘ ਫਤਿਹਮਾਜਰੀ ਪੰਜਾਬੀਆਂ ਦੀ ਜਿਉਂਦੀ-ਜਾਗਦੀ ਸੋਹਣੀ ਤਸਵੀਰ ਤੇ ਤਾਸੀਰ ਹਨ। ਇਨਸਾਨੀ ਜੀਵਨ ਕੁਦਰਤ ਵੱਲੋਂ ਮਿਲ਼ਿਆ ਸਭ ਤੋਂ ਅਨਮੋਲ ਤੋਹਫਾ ਹੁੰਦਾ ਹੈ। ਹਰ ਇਨਸਾਨ ਨੂੰ ਆਪਣੇ ਅਤੇ ਪਰਿਵਾਰ ਦੇ ਗੁਜ਼ਾਰੇ ਲਈ ਕੋਈ ਨਾ ਕੋਈ ਕਿੱਤਾ ਅਪਣਾਉਣਾ ਪੈਂਦਾ ਹੈ ਜਾਂ ਫਿਰ ਕਹਿ ਲਵੋ ਕੁਦਰਤ ਵੱਲੋਂ ਹਰ ਵਿਅਕਤੀ ਨੂੰ ਕੋਈ ਨਾ ਕੋਈ ਜਿੰਮੇਵਾਰੀ ਸੌਂਪੀ ਜਾਂਦੀ ਹੈ। ਉਸੇ ਤਰ੍ਹਾਂ ਹੀ ਤੁਹਾਡੇ ਜਿੰਮੇ ਵੀ ਬਹੁਤ ਹੀ ਪਾਕ-ਪਵਿੱਤਰ ਡਿਊਟੀ ਦੇਸ਼ ਦੀ ਸੇਵਾ ਕਰਨ ਦੀ ਲੱਗੀ। ਤੁਸੀਂ ਮਿਤੀ 11-05-1977 ਨੂੰ ਪੰਜਾਬ ਪੁਲਿਸ ਵਿੱਚ ਸਿਪਾਹੀ ਭਰਤੀ ਹੋਏ ਤੇ ਬਾਅਦ ਬਤੌਰ ਡੀ.ਐੱਸ.ਪੀ. 30 ਅਪ੍ਰੈਲ 2018 ਨੂੰ ਸੇਵਾ ਮੁਕਤ ਹੋਏ। ਪੰਛੀਆਂ ਵਾਂਗ ਹੀ ਮੁਲਾਜ਼ਮਾਂ ਦੀ ਚੋਗ ਵੀ ਵੱਖੋ-ਵੱਖ ਥਾਵਾਂ 'ਤੇ ਖਿਲਾਰੀ ਹੁੰਦੀ ਹੈ , ਜਿਹੜੀ ਕਿ ਬਦਲੀਆਂ ਜਾਂ ਤਰੱਕੀਆਂ ਕਾਰਨ ਥਾਂ-ਥਾਂ ਜਾ ਕੇ ਚੁਗਣੀ ਪੈਂਦੀ ਹੈ। ਤੁਸੀਂ ਵੀ ਆਪਣੇ ਇੱਕ ਪੜਾਅ ਦੀ ਚੋਗ ਖਤਮ ਕਰਕੇ ਲਗਭਗ 41 ਸਾਲ ਦੀ ਮਾਣਮੱਤੀ ਸੇਵਾ ਨੂੰ ਬਾਖ਼ੂਬੀ ਪੂਰੀ ਕਰਨ ਤੋਂ ਮਗਰੋਂ ਆਪਣੀ ਬੇਦਾਗ ਚਿੱਟੀ ਚਾਦਰ ਲੈ ਕੇ ਸੇਵਾ ਮੁਕਤ ਹੋਏ ਹੋ। ਆਪ ਜੀ ਦੀ ਸ਼ੁਰੂ ਤੋਂ ਹੀ ਇਹ ਕੋਸ਼ਿਸ਼ ਰਹੀ ਕਿ ਇੱਕ ਸੋਹਣੇ ਸੰਸਾਰ ਦੀ ਸਿਰਜਣਾ ਵਿੱਚ ਯੋਗਦਾਨ ਪਾਇਆ ਜਾਵੇ। ਚੰਗੇ ਕੰਮਾਂ ਲਈ ਆਪ ਜੀ ਦੀ ਰੂਹ ਹਮੇਸ਼ਾ ਤਤਪਰ ਰਹਿੰਦੀ ਹੈ। ਕਿਹਾ ਜਾਂਦਾ ਹੈ ਕਿ ਦੁਨੀਆ ਦਾ ਸਭ ਤੋਂ ਵੱਡਾ ਦਾਨ ਖ਼ੂਨਦਾਨ ਹੁੰਦਾ ਹੈ। ਜਿਸ ਨਾ਼ਲ ਇਕ ਉਮੀਦ ਗੁਆ ਚੁੱਕੇ ਇਨਸਾਨ ਨੂੰ ਨਵੀਂ ਜ਼ਿੰਦਗੀ ਮਿ਼ਲਦੀ ਹੈ। ਤੁਸੀਂ ਹੁਣ ਤੱਕ ਲਗਪਗ 60 ਵਾਰ ਖ਼ੂਨਦਾਨ ਕਰ ਚੁੱਕੇ ਹੋ। ਤੁਸੀਂ ਗਰੀਬ ਬੱਚਿਆਂ ਦੀ ਪੜ੍ਹਾਈ ਵਿੱਚ ਵੀ ਮਦਦ ਕਰਦੇ ਰਹਿੰਦੇ ਹੋ। ਆਪ ਜੀ ਨੇ ਧੂਰੀ ਹਲਕੇ ਵਿੱਚ ਵੀ ਆਪਣੀਆਂ ਸੇਵਾਵਾਂ ਦੇ ਦੌਰਾਨ ਬਹੁਤ ਸ਼ਲਾਘਾਯੋਗ ਕਾਰਜ ਕੀਤੇ। ਇਸ ਤਰ੍ਹਾਂ ਹੋਰ ਬਹੁਤ ਸਾਰੀਆਂ ਮਿਸਾਲਾਂ ਮਿ਼ਲਦੀਆਂ ਹਨ , ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਨਾਹਰ ਸਿੰਘ ਫਤਿਹਮਾਜਰੀ ਕੁਦਰਤ ਨੂੰ ਪਿਆਰ ਕਰਨ ਵਾ਼ਲਾ ਇਨਸਾਨ ਹੈ। ਆਪ ਜੀ ਦੀ ਰੂਹ ਵਿੱਚ ਕਿੰਨੇ ਹੀ ਪੱਤਣਾਂ ਦਾ ਪਾਣੀ ਹੈ। ਨਾਹਰ ਸਿੰਘ ਫਤਿਹਮਾਜਰੀ ਸਾਡੇ ਲਈ ਸਤਿਕ-ਾਰ ਹੈ , ਸੰਵੇਦਨਾ ਹੈ ਅਤੇ ਮਨੁੱਖ ਦੀ ਸਹਿਹੋਂਦ ਦਾ ਸਬੂਤ ਹੈ। ਆਪ ਜੀ ਦਾ ਜੀਵਨ ਸਾਡੇ ਲਈ ਉਪਨਿਸ਼ਦ {ਧਾਰਮਿਕ ਗ੍ਰੰਥ} ਵਰਗਾ ਸੰਦੇਸ਼ ਹੈ। ਅਸੀਂ ਸਾਰੇ ਅਰਦਾਸ ਕਰਦੇ ਹਾਂ ਕਿ ਪੰਜਾਬੀਆਂ ਦੀ ਜਿਉਂਦੀ ਜਾਗਦੀ ਸੋਹਣੀ ਤਸਵੀਰ ਤੇ ਤਾਸੀਰ ਵਰਗੇ ਇਸ ਪਿਆਰੇ ਉੱਚੇ-ਸੁੱਚੇ ਅਦੀਬ ਦੀ ਉਮਰ ਬਹੁਤ ਲੰਮੀ ਨਰੋਈ ਤੇ ਖ਼ੂਬਸੂਰਤ ਰਚਨਾਵਾਂ ਭਰੀ ਹੋਵੇ।



ਸਾਬਕਾ ਡੀ.ਐਸ.ਪੀ. ਨਾਹਰ ਸੰਘਿ ਫਤਹਿਮਾਜਰੀ



ਲੇਖਕ ਜਗਸੀਰ ਸਿੰਘ ਮੂਲੋਵਾਲ
62808-87090

# ਮਜ਼ਦੂਰ ਦਿਵਸ ਤੇ ਮਜ਼ਦੂਰ ਨੂੰ ਛੁੱਟੀ ਨਹੀਂ

ਕਿਰਤ ਦਾ ਮਤਲਬ ਅਸਲ ਵਿੱਚ ਕਿਸੇ ਵੀ ਕਿਸਮ ਦੀ ਸਰੀਰਕ ਜਾਂ ਮਾਨਸਿਕ ਮਿਹਨਤ ਹੈ। ਆਰਥਿਕ ਰੂਪ ਵਿੱਚ, ਕਿਰਤ ਕਿਸੇ ਵੀ ਵਸਤੂ ਜਾਂ ਸੇਵਾਵਾਂ ਨੂੰ ਪੈਦਾ ਕਰਨ ਲਈ ਕੀਤੇ ਯਤਨਾਂ ਨੂੰ ਕਿਹਾ ਜਾਂਦਾ ਹੈ। ਇਸ ਵਿੱਚ ਹਰ ਕਿਸਮ ਦੇ ਮਨੁੱਖੀ ਯਤਨ ਸ਼ਾਮਲ ਹੁੰਦੇ ਹਨ - ਇੱਕ ਆਰਥਿਕ ਇਨਾਮ ਦੇ ਬਦਲੇ ਕੀਤੇ ਗਏ ਸਰੀਰਕ ਮਿਹਨਤ, ਮਾਨਸਿਕ ਕਸਰਤ, ਬੁੱਧੀ ਦੀ ਵਰਤੋਂ ਆਦਿ। ਮਜ਼ਦੂਰ ਦਿਵਸ ਦਾ ਮੁੱਖ ਉਦੇਸ਼ ਮਜ਼ਦੂਰ ਵਰਗ ਦੀ ਸਖ਼ਤ ਮਿਹਨਤ ਅਤੇ ਸਮਰਪਣ ਨੂੰ ਸਵੀਕਾਰ ਕਰਨਾ, ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਸ਼ੋਸ਼ਣ ਤੋਂ ਬਚਾਉਣਾ ਹੈ। ਇਹ ਦਿਨ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ, ਅਤੇ ਕੁਝ ਦੇਸ਼ਾਂ ਵਿੱਚ, ਇਸ ਨੂੰ ਮਜ਼ਦੂਰ ਦਿਵਸ ਵਜੋਂ ਜਾਣਿਆ ਜਾਂਦਾ ਹੈ। ਭਾਰਤ ਵਿੱਚ ਮਜ਼ਦੂਰ ਦਿਵਸ ਨੂੰ ਮਈ ਦਿਵਸ ਦੇ ਰੂਪ ਵਿਚ ਵੀ ਜਾਣਿਆ ਜਾਂਦਾ ਹੈ। ਇਸ ਨੂੰ ਪਹਿਲੀ ਮਈ 1923 ਨੂੰ ਚੇਨਈ ਅਰਥਾਤ ਮਦਰਾਸ ਵਿੱਚ ਮਨਾਉਣਾ ਪਹਿਲੀ ਵਾਰ ਸ਼ੁਰੂ ਕੀਤਾ ਗਿਆ ਸੀ। ਹਿੰਦੁਸਤਾਨ ਦੀ ਮਜ਼ਦੂਰ ਕਿਸਾਨ ਪਾਰਟੀ ਨੇ ਇਸ ਦੀ ਸ਼ੁਰੂਆਤ ਕੀਤੀ ਸੀ। ਪਾਰਟੀ ਦੇ ਆਗੂ ਕਾਮਰੇਡ ਸਿੰਗਾਵੇਲਰ ਨੇ ਇਸ ਸਮਾਗਮ ਨੂੰ ਮਨਾਉਣ ਲਈ ਭਾਰਤ ਵਿੱਚ ਦੋ ਮੀਟਿੰਗਾਂ ਕੀਤੀਆਂ। ਇਕ ਮੀਟਿੰਗ ਟ੍ਰਿਪਲੀਕੇਨ ਬੀਚ 'ਤੇ ਹੋਈ ਅਤੇ ਦੂਜੀ ਮਦਰਾਸ ਹਾਈ ਕੋਰਟ ਦੇ ਸਾਹਮਣੇ ਬੀਚ 'ਤੇ ਹੋਈ। ਮੀਟਿੰਗ ਵਿੱਚ ਸਿੰਗਾਵੇਲਰ ਨੇ ਇੱਕ ਮਤੇ ਨੂੰ ਪ੍ਰਵਾਨਗੀ ਦਿੱਤੀ ਜਿਸ ਵਿੱਚ ਸੰਕੇਤ ਦਿੱਤਾ ਗਿਆ ਸੀ ਕਿ ਸਰਕਾਰ ਨੂੰ ਭਾਰਤ ਵਿੱਚ ਮਈ ਦਿਵਸ ਜਾਂ ਮਜ਼ਦੂਰ ਦਿਵਸ 'ਤੇ ਰਾਸ਼ਟਰੀ ਛੁੱਟੀ ਦਾ ਐਲਾਨ ਕਰਨਾ ਚਾਹੀਦਾ ਹੈ। ਇਹ ਪਹਿਲੀ ਵਾਰ ਸੀ ਜਦੋਂ ਭਾਰਤ ਵਿੱਚ ਮਜ਼ਦੂਰਾਂ ਵੱਲੋਂ ਲਾਲ ਝੰਡਾ ਲਹਿਰਾਇਆ ਗਿਆ ਸੀ। ਮਜ਼ਦੂਰ ਦਿਵਸ ਮਜ਼ਦੂਰ ਜਮਾਤ ਦੀ ਸਖ਼ਤ ਮਿਹਨਤ ਅਤੇ ਪ੍ਰਾਪਤੀਆਂ ਨੂੰ ਮਨਾਉਣ ਲਈ ਤੈਅ ਕੀਤਾ ਗਿਆ ਇਕ ਵਿਸ਼ੇਸ਼ ਦਿਨ ਹੈ। ਇਹ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਦਿਨਾਂ ਨੂੰ ਮਨਾਇਆ ਜਾਂਦਾ ਹੈ। ਜ਼ਿਆਦਾਤਰ ਦੇਸ਼ਾਂ ਵਿੱਚ ਇਹ ਦਿਨ 1 ਮਈ ਨੂੰ ਮਨਾਇਆ ਜਾਂਦਾ ਹੈ, ਜੋ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਹੁੰਦਾ ਹੈ।

ਪੁਰਾਣੇ ਸਮੇਂ ਵਿੱਚ ਮਜ਼ਦੂਰਾਂ ਦੀ ਹਾਲਤ ਬਹੁਤ ਮਾੜੀ ਸੀ। ਮਜ਼ਦੂਰ ਦਿਵਸ ਦੀ ਕਹਾਣੀ ਉਦਯੋਗੀਕਰਨ ਦੇ ਵਾਧੇ ਨਾਲ ਸ਼ੁਰੂ ਹੋਈ। ਸਨਅਤਕਾਰਾਂ ਨੇ ਮਜ਼ਦੂਰ ਜਮਾਤ ਦਾ ਸ਼ੋਸ਼ਣ ਕੀਤਾ ਹੋਇਆ ਸੀ, ਮਜ਼ਦੂਰਾਂ ਨੂੰ ਸਖ਼ਤ ਮਿਹਨਤ ਕਰਨੀ ਪੈਂਦੀ ਸੀ ਅਤੇ ਦਿਨ ਵਿੱਚ 15 ਘੰਟੇ ਤੱਕ ਕੰਮ ਕਰਨਾ ਪੈਂਦਾ ਸੀ। ਉਨ੍ਹਾਂ ਨੂੰ ਸੱਟਾਂ ਲੱਗਦੀਆਂ ਅਤੇ ਉਨ੍ਹਾਂ ਨੂੰ ਕੰਮ ਵਾਲੀ ਥਾਂ 'ਤੇ ਹੋਰ ਭਿਆਨਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਵੱਲੋਂ ਕੀਤੀ ਸਖ਼ਤ ਮਿਹਨਤ ਦੇ ਬਾਵਜੂਦ ਇਨ੍ਹਾਂ ਲੋਕਾਂ ਨੂੰ ਮਾਮੂਲੀ ਮਜਦੂਰੀ ਦਿੰਦੇ ਸਨ। ਇਨ੍ਹਾਂ ਲੋਕਾਂ ਨੂੰ ਕੰਮ ਦੇ ਲੰਬੇ ਸਮੇਂ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਠੀਕ ਕਰਨ ਲਈ ਚੰਗੇ ਸਾਧਨਾਂ ਦੀ ਘਾਟ ਕਾਰਨ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਦੀ ਵਧਦੀ ਗਿਣਤੀ ਕਾਰਨ ਮਜ਼ਦੂਰ ਯੂਨੀਅਨਾਂ ਨੇ ਇਸ ਸਿਸਟਮ ਵਿਰੁੱਧ ਆਵਾਜ਼ ਉਠਾਉਣ ਲਈ ਸੰਘਰਸ਼ ਸ਼ੁਰੂ ਕੀਤਾ। ਗੁੱਸੇ ਵਿੱਚ ਆਏ ਮਜ਼ਦੂਰਾਂ ਨੇ ਯੂਨੀਅਨਾਂ ਬਣਾਈਆਂ ਜੋ ਕਾਫ਼ੀ ਸਮੇਂ ਤੱਕ ਆਪਣੇ ਹੱਕਾਂ ਲਈ ਲੜਦੀਆਂ ਰਹੀਆਂ। ਇਸ ਤੋਂ ਬਾਅਦ ਮਜ਼ਦੂਰਾਂ ਅਤੇ ਮਜ਼ਦੂਰ ਵਰਗ ਦੇ ਲੋਕਾਂ ਲਈ 8 ਘੰਟੇ ਦੀ ਕੰਮ ਦੀ ਸ਼ਿਫਟ ਤੈਅ ਕੀਤੀ ਗਈ। ਇਸ ਅਨੁਸਾਰ ਵਿਅਕਤੀ ਨੂੰ ਸਿਰਫ਼ ਅੱਠ ਘੰਟੇ ਕੰਮ ਕਰਨਾ ਚਾਹੀਦਾ ਹੈ। ਉਸਨੂੰ ਮਨੋਰੰਜਨ ਲਈ ਅੱਠ ਘੰਟੇ ਅਤੇ ਆਰਾਮ ਲਈ ਅੱਠ ਘੰਟੇ ਮਿਲਣੇ ਚਾਹੀਦੇ ਹਨ।

ਭਾਵੇਂ ਕਿ ਮਜ਼ਦੂਰ ਦਿਵਸ ਦਾ ਇਤਿਹਾਸ ਅਤੇ ਮੂਲ ਵੱਖ-ਵੱਖ ਦੇਸ਼ਾਂ ਵਿੱਚ ਵੱਖੋ-ਵੱਖਰਾ ਹੈ ਪਰ ਇਸ ਦੇ ਪਿੱਛੇ ਮੁੱਖ ਕਾਰਨ ਇੱਕੋ ਹੀ ਹੈ ਅਤੇ ਉਹ ਹੈ ਮਜ਼ਦੂਰ ਜਮਾਤ ਨਾਲ ਬੇਇਨਸਾਫ਼ੀ ਹੋਣ ਤੋਂ ਰੋਕਣਾ। ਇਹ ਬਹੁਤ ਮੰਦਭਾਗੀ ਗੱਲ ਸੀ ਕਿ ਦੇਸ਼ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਪਾਉਣ ਵਾਲੇ ਲੋਕਾਂ ਦੇ ਵਰਗ ਨਾਲ ਮਾੜਾ ਸਲੂਕ ਕੀਤਾ ਜਾਂਦਾ ਸੀ। ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਇਸ ਦੇ ਖਿਲਾਫ ਕਈ ਅੰਦੋਲਨ ਹੋਏ ਅਤੇ ਆਖਰਕਾਰ ਇਹ ਮਜ਼ਦੂਰ ਦਿਵਸ ਦਿਨ ਹੋਂਦ ਵਿਚ ਆਇਆ।

ਇਸ ਤੋ ਇਲਾਵਾ ਹਿੰਦੁਸਤਾਨ, ਪੰਜਾਬ ਅਤੇ ਵੱਖ-ਵੱਖ ਸੂਬਿਆਂ ਵਿਚ ਸਰਕਾਰਾਂ ਬਦਲਦੀਆਂ ਰਹੀਆਂ ਹਨ। ਇਨ੍ਹਾਂ ਸਰਕਾਰਾਂ ਨੇ ਮਜ਼ਦੂਰਾਂ ਬਾਰੇ ਬਹੁਤਾ ਕੁਝ ਨਹੀਂ ਸੋਚਿਆ ਹੈ, ਜਿਸ ਕਾਰਨ ਮਜ਼ਦੂਰ ਅੱਜ ਮਜਦੂਰ ਦਿਵਸ ਤੇ ਗਰਮੀ ਵਿੱਚ ਪਸੀਨਾ ਹੀ ਵਹਾ ਰਿਹਾ ਹੈ ਅਤੇ ਉਦਯੋਗਪਤੀ, ਸਨਤਕਾਰ ਅਤੇ ਨੀਤੀਆਂ ਬਣਾਉਣ ਵਾਲੇ ਅਫਸਰ ਠੰਢੇ ਕਮਰਿਆਂ ਵਿੱਚ ਮਜ਼ਦੂਰਾਂ ਤੇ ਉੱਤੇ ਸੋਸ਼ਣ ਕਰਕੇ ਮਜਦੂਰ ਦਿਵਸ ਦੀ ਛੁੱਟੀ ਦਾ ਆਨੰਦ ਮਾਣ ਰਹੇ ਹਨ। ਸਗੋਂ ਸਰਕਾਰਾਂ ਨੂੰ ਚਾਹੀਦਾ ਹੈ ਮਜ਼ਦੂਰ ਦਿਵਸ ਤੇ ਹਰੇਕ ਤਰ੍ਹਾਂ ਦੇ ਮਜ਼ਦੂਰ ਨੂੰ ਇਸ ਦਿਨ ਛੁੱਟੀ ਕਰਵਾ ਕੇ ਉਸ ਨੂੰ ਮਜਦੂਰ ਦਿਵਸ ਦੀ ਮਜ਼ਦੂਰੀ ਉਸ ਦੇ ਖਾਤੇ ਵਿਚ ਪਾ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਮਜ਼ਦੂਰਾਂ ਨੂੰ ਮਜਦੂਰ ਦਿਵਸ ਦਾ ਜ਼ਰੂਰ ਅਹਿਸਾਸ ਹੋਵੇਗਾ। ਇਸ ਤੋਂ ਇਲਾਵਾ ਅਸੀਂ ਜਾਣਦੇ ਹਾਂ ਕਿ ਮਜ਼ਦੂਰ ਆਪਣੀ ਕਿਰਤ ਵੇਚ ਕੇ ਘੱਟੋ-ਘੱਟ ਤਨਖਾਹ ਪ੍ਰਾਪਤ ਕਰਦਾ ਹੈ। ਇਹੀ ਕਾਰਨ ਹੈ ਕਿ ਵਿਸ਼ਵ ਭਰ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਇਸ ਲਈ ਇਹ ਦਿਨ ਅੰਤਰਰਾਸ਼ਟਰੀ ਮਜ਼ਦੂਰ ਸੰਘਾਂ ਨੂੰ ਉਤਸ਼ਾਹਿਤ ਕਰਨ ਲਈ ਹੈ। ਇਸ ਤਰ੍ਹਾਂ, ਇਹ ਸਮਾਜ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਕਦਰ ਕਰਨ ਅਤੇ ਮਾਨਤਾ ਦੇਣ ਲਈ ਇੱਕ ਵਿਸ਼ੇਸ਼ ਦਿਨ ਹੈ ਕਿਉਂਕਿ ਇਸ ਦੇ ਉਹ ਨਿਸ਼ਚਤ ਤੌਰ 'ਤੇ ਯੋਗ ਹਨ।



ਜਸਪਾਲ ਸਿੰਘ ਮਹਿਰੋਕ
ਸਨੌਰ (ਪਟਿਆਲਾ)।

# ਆਦਤਾਂ ਨੂੰ ਫ਼ਲ

ਬੱਚੇ ਨੂੰ ਛੋਟੇ ਹੁੰਦੇ ਹੀ ਆਦਤਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ ਲ ਜਿਵੇਂ ਜਿਵੇਂ ਵੱਡਾ ਹੁੰਦਾ ਹੈ ਤਾਂ ਉਸ ਦੀਆਂ ਉਹ ਆਦਤਾਂ ਪੱਕੀਆਂ ਹੁੰਦੀਆਂ ਜਾਂਦੀਆਂ ਹਨ ।

ਉਨ੍ਹਾਂ ਆਦਤਾਂ ਮੁਤਾਬਕ ਹੀ ਉਹ ਜਿਉਣਾ ਸ਼ੁਰੂ ਕਰ ਦਿੰਦਾ ਹੈ । ਉਹ ਆਦਤਾਂ ਚੰਗੀਆਂ ਜਾਂ ਮਾੜੀਆਂ ਹੋ ਸਕਦੀਆਂ ਹਨ । ਉਨ੍ਹਾਂ ਆਦਤਾਂ ਮੁਤਾ-ਬਕ ਹੀ ਜਿਆਦਾ ਬੱਚੇ ਆਪਣੇ ਦੋਸਤ ਲੱਭਦੇ ਹਨ ਜਿਸ ਨਾਲ ਉਨ੍ਹਾਂ ਦਾ ਆਲਾ ਦੁਆਲਾ ਉਨ੍ਹਾਂ ਆਦਤਾਂ ਵਾਲਾ ਹੀ ਬਣ ਜਾਂਦਾ ਹੈ ।

ਉਨ੍ਹਾਂ ਆਦਤਾਂ ਵਾਲਿਆਂ ਨੂੰ ਸਮੱਸਿਆਵਾਂ ਵੀ ਤਕਰੀਬਨ ਇੱਕੋ ਜਿਹੀਆਂ ਹੀ ਆਉਂਦੀਆਂ ਹਨ । ਸਮੱਸਿਆ ਆਉਣ ਤੇ ਵਿਅਕਤੀ ਉਸ ਦਾ ਹੱਲ ਵੀ ਆਪਣੇ ਦੋਸਤਾਂ ਮਿੱਤਰਾਂ ਕੋਲੋਂ ਹੀ ਪੁੱਛਦਾ ਹੈ ਜਿਸ ਕਾਰਣ ਉਸ ਨੂੰ ਬਹੁਤ ਵਾਰ ਸਮੱਸਿਆਵਾਂ ਦਾ ਹੱਲ ਵੀ ਨਹੀਂ ਮਿਲਦਾ ।

ਪੱਕੀ ਹੋਈ ਆਦਤ ਨੂੰ ਬਦਲਣਾ ਬਹੁਤ ਔਖਾ ਹੁੰਦਾ ਹੈ ਲ ਜਿਸ ਵੇਲੇ ਪੱਕੀ ਆਦਤ ਨੂੰ ਵਿਅਕਤੀ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਲਗਦਾ ਹੈ ਕਿ ਉਹ ਆਪਣੇ ਆਪ ਨੂੰ ਟਾਰਚਰ ਕਰ ਰਿਹਾ ਹੈ ।

ਉਦਾਹਰਣ ਦੇ ਤੌਰ ਤੇ ਜੇ ਕਿਸੇ ਨੂੰ ਸਵੇਰੇ ਦੇਰ ਨਾਲ ਉੱਠਣ ਦੀ ਆਦਤ ਹੋਵੇ ਤਾਂ ਉਸ ਨੂੰ ਸਵੇਰੇ 6 ਵਜੇ ਉੱਠਣਾ ਔਖਾ ਹੋਵੇਗਾ, ਚਾਹ ਪੀਣ ਵਾਲੇ ਨੂੰ ਚਾਹ ਛੱਡਣੀ ਔਖੀ ਹੋ ਜਾਂਦੀ ਹੈ, ਸ਼ਰਾਬ ਪੀਣ ਵਾਲੇ ਨੂੰ ਸ਼ਰਾਬ ਛੱਡਣੀ ਔਖੀ ਹੋ ਜਾਂਦੀ ਹੈ ਅਤੇ ਵਧੇ ਭਾਰ ਵਾਲੇ ਨੂੰ ਕਸਰਤ ਕਰਨੀ ਔਖੀ ਹੋ ਜਾਂਦੀ ਹੈ ।

ਆਦਤ ਛੱਡਣ ਵੇਲੇ ਆਪਣੇ ਆਪ ਨੂੰ ਜ਼ੁਰਮਾਨਾ ਕਰਨਾ ਪੈਂਦਾ ਹੈ ਲ ਉਦਾਹਰਣ ਦੇ ਤੌਰ ਤੇ ਜੇ ਤੁਸੀਂ ਚਾਹ ਦਾ ਕੱਪ ਪੀਂਦੇ ਹੋ ਤਾਂ ਤੁਸੀਂ 15 ਮਿੰਟ ਤੁਰੋ ਅਤੇ ਜੇ ਉਸ ਨਾਲ ਕੁੱਝ ਖਾਣਾ ਹੈ ਤਾਂ ਇੱਕ ਘੰਟਾ ਤੁਰੋ । ਇਸ ਤਰਾਂ ਕਰਨ ਨਾਲ ਤੁਹਾਡਾ ਭਾਰ ਕੰਟਰੋਲ ਵਿੱਚ ਰਹੇਗਾ ਜਾਂ ਇਹ ਪੀਣ ਖਾਣ ਦੀ ਆਦਤ ਛੁਟ ਜਾਵੇਗੀ ।

ਇਸੇ ਤਰਾਂ ਹੀ ਬਾਕੀ ਆਦਤਾਂ ਹਨ ਜੋ ਬਦਲੀਆਂ ਜਾ ਸਕਦੀਆਂ ਹਨ । ਆਦਤਾਂ ਨੂੰ ਫ਼ਲ ਵੀ ਆਦਤਾਂ ਮੁਤਾਬਕ ਹੀ ਲੱਗੇਗਾ ।

ਮੈਨੂੰ ਜ਼ਿੰਦਗੀ ਵਿੱਚ ਕਦੇ ਵੀ ਕੋਈ ਖਾਣ ਪੀਣ ਦੀ ਆਦਤ ਛੱਡਣ ਵਿੱਚ ਤਕਲੀਫ ਮਹਿਸੂਸ ਨਹੀਂ ਹੋਈ ਭਾਵੇਂ ਉਹ ਆਦਤ ਚਾਹ, ਕੌਫੀ, ਡਰਿੰਕ ਛੱਡਣ ਦੀ ਹੋਵੇ ਜਾਂ ਕੋਈ ਹੋਰ ਖਾਣ ਵਾਲੀ ਚੀਜ਼ ਛੱਡਣ ਦੀ ਆਦਤ ਹੋਵੇ।



-ਅਵਤਾਰ ਤਰਕਸ਼ੀਲ
ਨਿਊਜ਼ੀਲੈਂਡ
ਜੱਦੀ ਪਿੰਡ ਖੁਰਦਪੁਰ
(ਜਲੰਧਰ)
006421392147

# ਬੱਚਿਆਂ ਵੱਲੋਂ ਰੇਲ ਯਾਤਰੀਆਂ ਦਾ ਸਵਾਗਤ ਕਰਨ ਦੀ ਪ੍ਰਥਾ ਠੱਪ ਹੋਣ ਦਾ ਖਦਸ਼ਾ

**ਵੈਨਕੂਵਰ, (ਮਲਕੀਤ ਸਿੰਘ) –** ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪੈਂਬਰਟਨ ਖੇਤਰ ਵਿੱਚ ਬੱਚਿਆਂ ਵੱਲੋਂ ਰੇਲਗੱਡੀਆਂ ਵਿੱਚ ਆਉਣ ਵਾਲੇ ਯਾਤਰੀਆਂ ਦਾ ਹੱਥ ਹਿਲਾ ਕੇ ਸਵਾਗਤ ਕਰਨ ਦੀ ਲੰਬੇ ਸਮੇਂ ਤੋਂ ਚੱਲ ਰਹੀ ਪਿਆਰੀ ਰਵਾਇਤ ਹੁਣ ਖਤਮ ਹੋਣ ਦਾ ਖਦਸ਼ਾ ਹੈ। ਇਹ ਰਵਾਇਤ ਸਾਲਾਂ ਤੋਂ ਸਥਾਨਕ ਭਾਈਚਾਰੇ ਦੀ ਪਹਿਚਾਣ ਬਣੀ ਹੋਈ ਹੈ, ਜਿਸਨੂੰ ਦੇਖ ਕੇ ਯਾਤਰੀ ਵੀ ਖੁਸ਼ੀ ਮਹਿਸੂਸ ਕਰਦੇ ਹਨ।

ਜ਼ਿਕਰਯੋਗ ਹੈ ਕਿ ਪੈਂਬਰਟਨ ਦੇ ਬੱਚਿਆਂ ਦਾ ਇੱਕ ਸਮੂਹ ਹਰ ਰੋਜ਼ ਟ੍ਰੇਨ ਆਉਣ ਸਮੇਂ ਪਲੇਟਫਾਰਮ ਜਾਂ ਪਟੜੀਆਂ ਤੋ ਕੁਝ ਦੂਰੀ ਤੇ ਖੜ੍ਹ ਕੇ ਯਾਤਰੀਆਂ ਨੂੰ ਹੱਥ ਹਿਲਾ ਕੇ ਸਤਿਕਾਰ ਦਿੰਦਾ ਹੈ। ਇਸ ਦੌਰਾਨ ਬੱਚਿਆਂ ਅਤੇ ਯਾਤਰੀਆਂ ਵਿਚਕ-ਾਰ ਬਣਦਾ ਇਹ ਸਨੇਹੀ ਸਬੰਧ ਇਲਾਕੇ ਨੂੰ ਵਿਲੱਖਣ ਬਣਾਉਂਦਾ ਆ ਰਿਹਾ ਹੈ। ਹਾਲਾਂਕਿ, ਸੁਰੱਖਿਆ ਅਤੇ ਰੇਲਵੇ ਨਿਯਮਾਂ ਵਿੱਚ ਆ ਰਹੀਆਂ ਤਬਦੀਲੀਆਂ ਕਾਰਨ ਇਸ ਰਿਵਾਇਤ ਦੇ ਜਾਰੀ ਰਹਿਣ ‘ਤੇ ਸਵਾਲ ਖੜ੍ਹੇ ਹੋ ਰਹੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪਟੜੀਆਂ ਦੇ ਨੇੜੇ ਇਕੱਠੇ ਹੋਣਾ ਖਤਰਨਾਕ ਹੋ ਸਕਦਾ ਹੈ, ਜਿਸਨੂੰ ਧਿਆਨ ਵਿੱਚ ਰੱਖਦੇ ਹੋਏ ਨਿਯਮ ਸਖਤ ਕੀਤੇ ਜਾ ਰਹੇ ਹਨ।



ਪੈਂਬਰਟਨ ਵਿੱਚ ਬੱਚੇ ਰੇਲਗੱਡੀ ਨੂੰ ਹੱਥ ਹਿਲਾ ਕੇ ਯਾਤਰੀਆਂ ਦਾ ਸਵਾਗਤ ਕਰਦੇ ਹੋਏ।

ਸਥਾਨਕ ਵਸਨੀਕਾਂ ਦਾ ਮੰਨਣਾ ਹੈ ਕਿ ਇਹ ਰਵਾਇਤ ਸਿਰਫ਼ ਇਕ ਸਵਾਗਤੀ ਇਸ਼ਾਰਾ ਨਹੀਂ, ਸਗੋਂ ਭਾਈਚਾਰੇ ਦੀ ਏਕਤਾ ਅਤੇ ਪਿਆਰ ਦੀ ਨਿਸ਼ਾਨੀ ਹੈ। ਉਹ ਚਾਹੁੰਦੇ ਹਨ ਕਿ ਸੁਰੱਖਿਆ ਦੇ ਨਾਲ-ਨਾਲ ਇਸ ਪ੍ਰਥਾ ਨੂੰ ਜਾਰੀ ਰੱਖਣ ਲਈ ਕੋਈ ਮੱਧਮ ਰਾਹ ਕੱਢਿਆ ਜਾਵੇ।ਇਸ ਮਾਮਲੇ ਨੇ ਪੈਂਬਰਟਨ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਚਰਚਾ ਨੂੰ ਜਨਮ ਦੇ ਦਿੱਤਾ ਹੈ, ਜਿੱਥੇ ਲੋਕ ਆਪਣੇ ਬੱਚਿਆਂ ਦੀਆਂ ਯਾਦਾਂ ਨਾਲ ਜੁੜੀ ਇਸ ਰਿਵਾਇਤ ਨੂੰ ਬਚਾਉਣ ਲਈ ਆਵਾਜ਼ ਉਠਾ ਰਹੇ ਹਨ।

# ਫੀਫਾ ਵਰਲਡ ਕੱਪ : ਵੈਨਕੂਵਰ ਦੀਆਂ ਸਕਾਈਟ੍ਰੇਨਾਂ ਅਤੇ ਬੱਸਾਂ ਦੀ ਅਨਾਊਂਸਮੈਂਟ ‘ਚ ਹੋਵੇਗੀ ਵਿਸ਼ੇਸ਼ ਤਬਦੀਲੀ

**ਵੈਨਕੂਵਰ, 30 ਅਪ੍ਰੈਲ (ਮਲਕੀਤ ਸਿੰਘ) –** ਫੀਫਾ ਵਰਲਡ ਕੱਪ ਦੇ ਮੱਦੇਨਜ਼ਰ ਵੈਨਕੂਵਰ ਦੀ ਜਨਤਕ ਆਵਾਜਾਈ ਪ੍ਰਣਾਲੀ ਨੂੰ ਹੋਰ ਸੌਖਾ ਅਤੇ ਦਿਲਚਸਪ ਬਣਾਉਣ ਲਈ ਵੱਖ-ਵੱਖ ਸਟੇਸ਼ਨਾ, ਸਕਾਈਟ੍ਰੇਨਾ ਅਤੇ ਬੱਸਾਂ ਵਿੱਚ ਕੀਤੀ ਜਾਂਦੀ ਅਨਾਉਂਸਮੈਂਟ ਦੀ ਆਵਾਜ਼ ਨੂੰ ਦਿਲਕਸ਼ ਬਣਾਉਣ ਲਈ ਵਿਸੇਸ਼ ਤਬਦੀਲੀ ਕੀਤੇ ਜਾਣ ਦਾ ਫੈਸਲਾ ਲਿਆ ਗਿਆ ਹੈ ਇਹ ਨਵੀਂ ਆਵਾਜ਼


ਵੈਨਕੂਵਰ ਵਿੱਚ ਟ੍ਰਾਂਜ਼ਿਟ ਸਿਸਟਮ ਲਈ ਨਵੀਂ ਅਨਾਊਂਸਮੈਂਟ ਕਰਨ ਵਾਲੀ ਔਰਤ ਕਰਮਚਾਰੀ।

ਸਟੇਸ਼ਨਾਂ, ਰੂਟਾਂ ਅਤੇ ਹੋਰ ਅਹਿਮ ਸੂਚਨਾਵਾਂ ਨੂੰ ਸਪੱਸ਼ਟ ਅਤੇ ਸਹਿਜ ਢੰਗ ਨਾਲ ਪੇਸ਼ ਕਰੇਗੀ, ਜਿਸ ਨਾਲ ਫੀਫਾ ਵਰਲਡ ਕੱਪ ਦੌਰਾਨ ਸਥਾਨਕ ਯਾਤਰੀਆਂ ਦੇ ਨਾਲ ਨਾਲ ਵੱਡੀ ਗਿਣਤੀ ਵਿੱਚ ਆਉਣ ਵਾਲੇ ਵਿਦੇਸ਼ੀ ਮਹਿਮਾਨਾਂ ਨੂੰ ਵੀ ਆਸਾਨੀ ਰਹੇਗੀ। ਵਰਲਡ ਕੱਪ ਦੌਰਾਨ ਸ਼ਹਿਰ ਵਿੱਚ ਭਾਰੀ ਭੀੜ ਦੀ ਉਮੀਦ ਨੂੰ ਦੇਖਦੇ ਹੋਏ ਇਹ ਕਦਮ ਉਠਾਇਆ ਗਿਆ ਹੈ।

# ਨਸ਼ੀਲੇ ਪਦਾਰਥਾਂ ਨਾਲ ਭਰਿਆ ਟਰੇਲਰ ਬਰਾਮਦ: ਪੁਲਿਸ ਵੱਲੋਂ 5 ਸ਼ੱਕੀ ਗ੍ਰਿਫਤਾਰ

**ਵੈਨਕੂਵਰ, ਅਪ੍ਰੈਲ (ਮਲਕੀਤ ਸਿੰਘ) –** ਕੈਨੇਡਾ ਦੇ ਓਂਟਾਰੀਓ ਸੂਬੇ ਵਿੱਚ ਪੁਲਿਸ ਨੇ ਇੱਕ ਵੱਡੀ ਕਾਰਵਾਈ ਕਰਦੇ ਹੋਏ ਕਾਰਗੋ ਚੋਰੀ ਦੇ ਇੱਕ ਮਾਮਲੇ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਸ਼ੱਕ ਦੇ ਅਧਾਰ ‘ਤੇ 5 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਕੋਲੋਂ ਲਗਭਗ 2 ਮਿਲੀਅਨ ਡਾਲਰ (ਭਾਰਤੀ ਮੁਦਰਾ ਵਿੱਚ ਕਰੀਬ 16.5 ਕਰੋੜ ਰੁਪਏ) ਦੀ ਕੀਮਤ ਦੇ ਚੋਰੀ ਕੀਤੇ ਗਏ ਕੈਨੇਬਿਸ (ਭੰਗ) ਉਤਪਾਦ ਬਰਾਮਦ ਕੀਤੇ ਹਨ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਹਿਚਾਣ ਮਨਵੀਰ ਸਿੰਘ, ਸਰਬਜੀਤ ਸਿੰਘ, ਦਿਲਖਾਬ ਸਿੰਘ, ਕਰਨ ਕੁਮਾਰ ਅਤੇ ਜਸਕੇਵਨ ਮੱਲ੍ਹੀ ਵਜੋਂ ਹੋਈ ਹੈ। ਪੁਲਿਸ ਅਨੁਸਾਰ ਇਨ੍ਹਾਂ ਖ਼ਿਲਾਫ਼ ਹਥਿਆਰਾਂ ਅਤੇ ਚੋਰੀ ਨਾਲ ਸੰਬੰਧਿਤ ਗੰਭੀਰ ਦੋਸ਼ ਦਰਜ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਖ਼ਾਲਸਾ ਦੀਵਾਨ ਸੁਸਾਇਟੀ ਵੱਲੋਂ ਪੱਤਰਕਾਰ ਪਰਮਜੀਤ ਸਿੰਘ ਦਾ ਸਨਮਾਨ

**ਵੈਨਕੂਵਰ, ਅਪ੍ਰੈਲ (ਮਲਕੀਤ ਸਿੰਘ)–** ਉੱਤਰੀ ਅਮਰੀਕਾ ਦੀ ਸਭ ਤੋਂ ਪੁਰਾਣੀ ਸਿੱਖ ਸੰਸਥਾਂ ਖਾਲਸਾ ਦੀਵਾਨ ਸੁਸਾਇਟੀ ਵਲੋਂ ਬੀਤੇ ਦਿਨੀ ਵੈਂਨਕੂਵਰ ਸਥਿਤ ਗੁਰਦੁਆਰਾ ਰੋਸ ਸਟਰੀਟ ਵਿੱਖੇ ਸਿੱਖ ਹੈਰੀਟੇਜ ਮਹੀਨੇ ਨੂੰ ਸਮਰਪਿਤ ਆਯੋਜਿਤ ਕੀਤੇ ਇਕ ਸਮਾਗਮ ਦੌਰਾਨ, ਰੋਜਰਸ ਸਪੋਰਟਸ ਅਤੇ 'ਓਮਨੀ ਨਿਊਜ਼' ਦੇ ਨੌਜਵਾਨ ਪੱਤਰਕਾਰ ਪਰਮਜੀਤ ਸਿੰਘ ਨੂੰ ਵਿਸ਼ੇਸ਼ ਤੌਰ ਤੇ ਪੱਤਰਕਾਰੀ ਦੇ ਖੇਤਰ 'ਚ ਪਾਏ ਯੋਗਦਾਨ ਖਾਸ ਕਰ ਸਿੱਖ ਹੈਰੀਟੇਜ ਮਹੀਨੇ ਮੌਕੇ ਕੈਨੇਡਾ 'ਚ ਸਿੱਖਾਂ ਵੱਲੋਂ ਪਾਏ ਗਏ ਯੋਗਦਾਨ ਅਤੇ ਕੈਨੇਡਾ ਵਿਚਲੇ ਧਾਰਮਿਕ ਮਸਲਿਆਂ ਤੇ ਚੁੱਕੀ ਆਵਾਜ਼ ਅਤੇ ਉਸ ਦੀ ਤਹਿ ਤੱਕ ਜਾ ਕਿ ਸੱਚਾਈ ਲੋਕਾਂ ਤੱਕ ਪਹੁਚਾਉਣ ਬਦਲੇ ਵਿਸ਼ੇਸ਼ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ ਇਸ ਸਮਾਗਮ ਦੇ ਵਿਚ ਸਿਟੀ ਆਫ ਵੈਨਕੂਵਰ ਦੇ ਅਧਿਕਾਰੀਆਂ ਤੋਂ ਇਲਾਵਾ ਕੁਝ ਪ੍ਰਮੁੱਖ ਸਿਆਸਤਦਾਨਾਂ ਨੇ ਵਿਸ਼ੇਸ਼ ਤੌਰ ਤੇ ਹਾਜਰੀ ਭਰੀ ਇਸ ਮੌਕੇ ਤੇ ਆਪਣੇ ਵਿਚਾਰ ਪ੍ਰਗਟ ਕਰਦਿਆ ਪੰਜਾਬੀ ਸਾਂਸਦ ਸੁੱਖ ਧਾਲੀਵਾਲ ਨੇ ਕਿਹਾ ਕਿ ਕਮਿਊਨਿਟੀ ਦੇ



ਪੱਤਰਕਾਰ ਪਰਮਜੀਤ ਸਿੰਘ ਨੂੰ ਸਨਮਾਨ ਕੀਤੇ ਜਾਣ ਦੀ ਇੱਕ ਤਸਵੀਰ

ਮਸਲਿਆ ਨੂੰ ਉਭਾਰਨ ਲਈ ਨਿਭਾਈ ਜਾਂਦੇ ਸਲਾਘਾਯੋਗ ਰੋਲ ਸਦਕਾ 'ਓਮਨੀ ਨਿਊਜ਼' ਦੀ ਸਮੁੱਚੀ ਟੀਮ ਮੁਬਾਰਕਬਾਦ ਦੀ ਹੱਕਦਾਰ ਹੈ ਖ਼ਾਲਸਾ ਦੀਵਾਨ ਸੁਸਾਇਟੀ ਦੇ ਜਨਰਲ ਸਕੱਤਰ ਕਸ਼ਮੀਰ ਸਿੰਘ ਧਾਲੀਵਾਲ ਨੇ ਕਿਹਾ ਕਿ ਕਿ ਅਸੀ ਆਪਣੇ ਬੱਚਿਆਂ ਨੂੰ ਆਪਣੀਆਂ ਜੜਾਂ ਤੋਂ ਦੂਰ ਹੁੰਦਾ ਵੀ ਵੇਖ ਰਹੇਂ ਹਾਂ ਅਤੇ ਆਪਣੇ ਗੌਰਵਮਈ ਇਤਿਹਾਸ ਪੁਰ-ਾਤਨ ਵਿਰਸਾ ਸਾਂਭ ਕੇ ਰੱਖਣ ਚ 'ਓਮਨੀ ਨਿਊਜ਼' ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ

ਹੋਰਨਾ ਤੋਂ ਇਲਾਵਾ ਇਸ ਮੌਕੇ ਤੇ ਰਿਕਾਰਡਿੰਗ ਸੈਕਟਰੀ ਜੋਗਿੰਦਰ ਸਿੰਘ ਸੁਨਰ ਅਤੇ ਕਸ਼ਮੀਰ ਸਿੰਘ ਧਾਲੀਵਾਲ ਤੋਂ ਇਲਾਵਾ ਕਈ ਹਸਤੀਆਂ ਮੌਜੂਦ ਸਨ।

# (ਮਈ ਦਿਵਸ ਕਿਰਤੀਆਂ ਦਾ ਮਈ ਦਿਹਾੜਾ)

ਕਿਰਤੀਆਂ, ਮਿਹਨਤਕਸ਼ਾਂ, ਦੀਆਂ ਮੁਸ਼ਕਲਾਂ ਨੂੰ,ਸਮਰਪਿਤ ਹੁੰਦਾ, ਅੱਜ ਦਾ ਮਈ ਦਿਹਾੜਾ।ਕਲਾ-ਜੁਗ ਦੇ ਵਿਚ, ਬਹੁਤ ਪੇਚੀਦਾ ਹੋ ਰਹੀ ਜ਼ਿੰਦਗੀ,ਅਕਸਰ ਹੀ, ਇਨ੍ਹਾਂ ਵਿਚੋਂ ਗੁਜ਼ਰਦਾ, ਪੇਟ ਪਾਲ਼ਦਾ ਵਿਚਾਰਾ। ਭਾਵੇਂ ਕੰਮਾਂ-ਕਾਰਾਂ ਦੀ, ਬਹੁਤਾਤ ਹੈ ਹੋ ਗਈ,ਐਪਰ,ਮਜ਼ਦੂਰਾਂ ਦੀਆਂ, ਗ਼ੁਲਾਮੀ ਵਾਲੀਆਂ ਹਾਲਤਾਂ, ਨ੍ਹੀਂ ਹੋਈਆਂ ਹੱਲ।ਅਨਪੜ੍ਹਤਾ ਅਤੇ ਗਰੀਬੀ ਬਣਦੀਆਂ ਰਾਹ ਦਾ ਰੋੜਾ,ਜੀਵਨ-ਸਤਰ ਉੱਚਾ ਚੁਕਣਾ ਤਾਂ ਬਹੁਤ ਵੱਡੀ ਗੱਲ। ਪੱਛਮੀ ਮੁਲਕਾਂ ਵਿੱਚੋਂ ਹੋਈ ਸ਼ੁਰੂਆਤ, ਸਾਮਰਾਜ ਅਪਣਾ ਗ਼ਲਬਾ ਪਾਉਂਦਾ ਰਿਹਾ। ਏਸ਼ੀਆਈ ਮੁਲਕਾਂ ਵਿੱਚੋਂ ਮਿਲੀ ਹੱਲਾ ਸ਼ੇਰੀ, ਮਾਲਕ ਕਿਰਤੀਆਂ ਨਾਲ ਹੱਥ ਵਟਾਉਂਦਾ ਰਿਹਾ। ਮਜ਼ਦੂਰ ਸੰਘ ਬਣਦੇ, ਲੀਡਰ ਇਨ੍ਹਾਂ ਦੇ, ਲਾਲਚ ਵਿੱਚ ਵਿੱਕ ਜਾਂਦੇ, ਸੰਘਰਸ਼ੀ ਏਕਤਾ ਵਿੱਚ, ਠੱਲ ਨੇ ਪਾਉਂਦੇ। ਨਵੀਂ ਪੀੜ੍ਹੀ ਹੋਈ ਜਾਗ੍ਰਿਤ, ਕਹਿਣ ਇਕ-ਮੁੱਠਤਾ ਵਿੱਚ, ਜਾਨ ਹੈ ਪਾਉਣੀ।



ਜਗਾਕੇ,ਇਨਸਾਨੀ ਜਜ਼ਬਾ ਸਭ ਦਾ,ਸੌਂ ਰਹੇ ਇਨਕਲਾਬ,ਦੀ ਰੂਹ ਹੈ ਜਗਾਉਣੀ।ਐ ਦੁਨੀਆ ਵਾਲਿਓ ! ਰਬ ਸਭ ਦੇ ਅੰਦਰ ਹੈ ਵੱਸਦਾ,ਜੇ ਰੱਬ ਨੂੰ ਖੁਸ਼ ਕਰਨਾ, ਹੱਕ ਨਾ ਕਿਸੇ ਦਾ ਮਾਰੋ।ਸਾਲ ਦਾ ਹਰ ਦਿਨ, ਹੋਵੇ ਮਈ ਦਿਹਾੜਾ,ਦਿਹਾੜੀਦਾਰ ਦੇਵੇ ਦੁਆਵਾਂ,ਜੇ ਉਸ ਨਾਲ ਚੰਗੀ ਗੁਜ਼ਾਰੋ। ਅੱਜ-ਕਲ ਤਿੰਨ ਸਮੱਸਿਆਵਾਂ ਆਉਂਦੀਆਂ, ਬੜੀ ਮੁਸ਼ਕਿਲ ਨਾਲ ਲੋਕਾਂ ਨੂੰ ਕੰਮ ਹੈ ਲੱਭਦਾ। ਜਿਸ ਕੰਮ ਲਈ ਬੰਦਾ ਲੱਭੋ, ਉਹ ਫਿੱਟ ਨਹੀਂ ਲੱਗਦਾ। ਜਿਹੜੇ ਕੰਮ ਤੇ, ਪੱਕੇ ਰੱਖੇ ਹੁੰਦੇ, ਉਹ ਕਿਸੇ ਕੰਮ ਦੇ ਨ੍ਹੀਂ ਹੁੰਦੇ। ਰੁਜ਼ਗਾਰ-ਦਾਤੇ ਲਈ ਸਮੱਸਿਆ ਨੇ ਦਿੰਦੇ। ਪੜ੍ਹ ਲਿਖ ਕੇ ਕਿਰਤੀ ਹੋਏ ਜਾਗਰੂਕ,ਹੁਣ ਅਪਣਾ ਹੱਕ ਮੰਗਣਾ ਨੇ ਜਾਣਦੇ। ਪਰਵਾਸ ਵੀ ਹੋਣ ਲੱਗਿਆ, ਜਿਥੇ ਵਧੀਆ ਮੌਕੇ, ਸਹੂਲਤਾਂ ਮਿਲਦੀਆਂ, ਨੇ ਮਾਣਦੇ।





**ਅਮਰਜੀਤ ਸਿੰਘ ਤੂਰਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ।ਹਾਲ-ਆਬਾਦ #639/40ਏ, ਚੰਡੀਗੜ੍ਹ। ਫੋਨ ਨੰਬਰ : 9878469639**



# ਕੰਮੋ ਦੀ ਕਿਸਮਤ



ਮਸਾਂ ਅੱਠ ਕੁ ਸਾਲ ਦੀ ਸੀ ਕਿ ਉਦੋਂ ਹੀ ਨਿੱਕੀ ਹੁੰਦੀ ਦੇ ਮਾਪੇ ਮਰ ਗਏ ਸਨ। ਪਹਿਲਾਂ ਪਿਓ ਮਰ ਗਿਆ ਸੀ ਤੇ ਫਿਰ ਮਾਂ ਮਾੜਾ ਜਿਹਾ ਤਾਪ ਚੜ੍ਹ ਕੇ ਈ ਪ੍ਰਾਣ ਤਿਆਗ ਗਈ ਸੀ। ਜਿਹਨਾਂ ਦੇ ਘਰ ਮਾਂ ਕੰਮ ਕਰਦੀ ਸੀ, ਉਹਨਾਂ ਨੇ ਹੀ ਕੰਮੋਂ ਨੂੰ ਆਪਣੇ ਘਰ ਦੇ ਨਿੱਕੇ ਮੋਟੇ ਕੰਮਾਂ ਵਿੱਚ ਹੱਥ ਵਟਾਉਣ ਲਈ ਰੱਖ ਲਿਆ ਸੀ। ਕੰਮੋਂ ਸੁਭਾਅ ਪੱਖੋਂ ਸਧਾਰਨ ਜਿਹੀ ਕੁੜੀ ਹੀ ਸੀ ਪਰ ਉਸ ਘਰ ਦੀਆਂ ਔਰਤਾਂ ਉਸ ਨੂੰ ਦੱਸ ਦੱਸ ਕੇ ਕੰਮ ਕਰਵਾਉਂਦੀਆਂ ਤਾਂ ਕੰਮ ਉਹ ਵਧੀਆ ਕਰ ਲੈਂਦੀ ਸੀ। ਇਸ ਤਰ੍ਹਾਂ ਉਸ ਘਰ ਵਿੱਚ ਉਸ ਨੂੰ ਕੰਮ ਕਰਦੀ ਨੂੰ ਅੱਠ ਵਰ੍ਹੇ ਹੋ ਗਏ ਸਨ। ਜਿਵੇਂ ਈ ਉਹ ਜਵਾਨ ਹੋਈ,ਕਿਸੇ ਨੇ ਅਗਾਂਹ ਦੀ ਅਗਾਂਹ ਉਸ ਦੇ ਰਿਸ਼ਤੇ ਲਈ ਨਾਲ਼ ਦੇ ਪਿੰਡ ਗਗਰੀ ਬੱਕਰੀਆਂ ਵਾਲ਼ੇ ਮੁੰਡੇ ਦੀ ਦੱਸ ਪਾਈ। ਘਰ ਵਿੱਚ ਉਹੀ ਕੁਆਰਾ ਸੀ ਤੇ ਉਸ ਦੇ ਤਿੰਨ ਵੱਡੇ ਭਰਾ ਵਿਆਹੇ ਹੋਏ ਸਨ । ਘਰ ਵਿੱਚ ਇੱਕ ਗਾਂ, ਇੱਕ ਮੱਝ ਤੇ ਕੁਛ ਬੱਕਰੀਆਂ ਰੱਖੀਆਂ ਹੋਈਆਂ ਸਨ। ਮਾਲਕਾਂ ਨੇ ਦੇਖ਼ ਕੇ ਕੰਮੋਂ ਦਾ ਵਿਆਹ ਉਸ ਨਾਲ਼ ਕਰ ਦਿੱਤਾ।

ਇੱਕ ਤਾਂ ਕੰਮੋਂ ਦਾ ਸੁਭਾਅ ਸਧਾਰਨ ਜਿਹਾ ਤੇ ਦੂਜਾ ਉਹ ਉਮਰ ਦੀ ਨਿਆਣੀ ਸੀ।ਇਸ ਤੋਂ ਉਲਟ ਤਿੰਨ ਜਠਾਣੀਆਂ ਤੇ ਇੱਕ ਸੱਸ ਉਸ ਤੇ ਰੋਹਬ ਪਾਉਂਦੀਆਂ ਤੇ ਗੱਲ ਗੱਲ ਤੇ ਉਸ ਨੂੰ ਭੰਡਦੀਆਂ ਸਨ। ਜੇ ਆਦਮੀ ਚੰਗਾ ਹੋਵੇ ਤਾਂ ਹੋਰ ਕਿਸੇ ਦੀ ਵੀ ਬੁਰਾ ਭਲਾ ਕਹਿਣ ਦੀ ਜ਼ੁਰਅਤ ਨਹੀਂ ਪੈਂਦੀ। ਤੀਜਾ ਉਹ ਪੇਕਿਆਂ ਤੋਂ ਸੱਖਣੀ ਸੀ। ਕੰਮੋਂ ਦੇ ਘਰਵਾ਼ਲੇ ਗਗਰੀ ਨੇ ਉਸ ਨੂੰ ਰੋਟੀਆਂ ਬਣਾਉਣ ਪਿੱਛੇ ਹੀ ਕੁੱਟ ਦੇਣਾ ਤੇ ਰੋਟੀਆਂ ਚੁੱਕ ਕੇ ਲੋਕਾਂ ਨੂੰ ਵਿਖਾਉਂਦੇ ਫਿਰਨਾ," ਲੋਕੋ ! ਆਹ ਦੇਖੋ ਕਿੱਥੋਂ ਸਿੱਧਰੀ ਮੇਰੇ ਪੱਲੇ ਪਾਤੀ..... (ਰੋਟੀ ਨੂੰ ਉੱਚਾ ਚੁੱਕ ਕੇ ਲੋਕਾਂ ਨੂੰ ਦਿਖਾ ਕੇ) ਐਹੋ ਜਿਹੀਆਂ ਰੋਟੀਆਂ ਬਣਾਉਂਦੀ ਆ...!" ਕਦੇ ਉਸ ਦੀਆਂ ਜਿਠਾਣੀਆਂ ਨੇ ਉਸ ਨੂੰ ਆਖਣਾ, "....ਇਹਨੂੰ ਤਾਂ ਭਾਂਡੇ ਨੀ ਮਾਂਜਣੇ ਆਉਂਦੇ... ਇਹ ਤਾਂ ਭਾਂਡਿਆਂ ਵਿੱਚ ਅੱਧੀ ਸਵਾਹ ਲੱਗੀ ਛੱਡ ਦਿੰਦੀ ਆ....!"

ਉਹਨਾਂ ਦੇ ਘਰ ਦੇ ਸਾਹਮਣੇ ਹੀ ਸਰਦਾਰਾਂ ਦੀ ਵੱਡੀ ਕੋਠੀ ਸੀ। ਉਹ ਨਿੱਤ ਉਹਨਾਂ ਦਾ ਇਹ ਡਰਾਮਾ ਵੇਖਦੇ ਸਨ । । ਇੱਕ ਦਿਨ ਇਹਨਾਂ ਗੱਲਾਂ ਤੇ ਈ ਸਰਦਾਰਨੀ ਆਪਣੇ ਸਰਦਾਰ ਨੂੰ ਆਖਣ ਲੱਗੀ," ਜੇ ਤੁਸੀਂ ਵੀ ਇਸ ਤਰ੍ਹਾਂ ਮੇਰੀਆਂ ਪਕਾਈਆਂ ਰੋਟੀਆਂ ਵਿੱਚੋਂ ਨੁਕਸ ਕੱਢਣ ਲੱਗਦੇ ਤਾਂ ਮੈਨੂੰ ਤਾਂ ਕਦੋਂ ਦਾ ਛੱਡਿਆ ਹੋਣਾ ਸੀ.... ਜਰੂਰੀ ਤਾਂ ਨੀ ਰੋਟੀ ਹਮੇਸ਼ਾ ਗੋਲ ਈ ਬਣੇ....!" ਸਰਦਾਰ ਨੇ ਵੀ ਹੱਸ ਕੇ ਕਿਹਾ,".... ਐਵੇਂ ਬੇਵਕੂਫ ਲੋਕ ਹਨ...... ਜੋ ਇੱਕ ਕੁੜੀ ਦੇ ਪਿੱਛੇ ਹੱਥ ਧੋ ਕੇ ਪਏ ਹੋਏ ਨੇ..... ਇਹ ਤਾਂ ਗਗਰੀ ਨੂੰ ਸੋਚਣਾ ਚਾਹੀਦਾ..... ਉਹ ਸਾਰਿਆਂ ਪਿੱਛੇ ਲੱਗ ਕੇ ਆਪਣੀ ਘਰਵਾਲੀ ਨੂੰ ਕਿਉਂ ਕੁੱਟਦਾ ਮਾਰਦਾ.....ਆਪਣਾ ਘਰ ਆਪ ਖ਼ਰਾਬ ਕਰਦਾ....!"

ਇਸ ਤਰ੍ਹਾਂ ਲੋਕਾਂ ਨੂੰ ਤਾਂ ਦੇਖ਼ ਕੇ ਪਤਾ ਲੱਗਦਾ ਸੀ ਕਿ ਕੰਮੋਂ ਨਾਲ ਉਹ ਲੋਕ ਜ਼ਿਆਦਤੀ ਕਰ ਰਹੇ ਸਨ। ਗਗਰੀ ਨੇ ਤੀਜੇ ਦਿਨ ਵਿਚੋਲਿਆਂ ਦੇ ਘਰ ਉਲਾਂਭਾ ਲੈ ਕੇ ਚਲੇ ਜਾਣਾ। ਉਹਨਾਂ ਨੇ ਵੀ ਆ ਕੇ ਕੰਮੋਂ ਨੂੰ ਸਮਝਾ ਕੇ ਜਾਣਾ ਤੇ ਕਹਿਣਾ," ਦੇਖ਼ ਤੈਨੂੰ ਆਪਣੇ ਘਰ ਦੀ ਛੱਤ ਮਿਲ਼ ਗਈ ਹੈ.... ਹੋਰ ਕੀ ਚਾਹੀਦਾ..... ਹੁਣ ਤੇਰੇ ਤੋਂ ਆਪਣਾ ਘਰ ਨੀ ਸੰਭਾਲਿਆ ਜਾਂਦਾ..... ਓਥੇ ਤੂੰ ਲੋਕਾਂ ਦੇ ਰੁਲ਼ਦੀ ਫਿਰਦੀ ਸੀ....!" ਸਾਰਿਆਂ ਨੇ ਰਲ਼ ਕੇ ਕੰਮੋਂ ਨੂੰ ਜਮ੍ਹਾਂ ਈ ਕਮਲ਼ੀ ਦਾ ਖਿਤਾਬ ਦੇ ਦਿੱਤਾ ਸੀ।

ਡੇਢ ਕੁ ਸਾਲ ਬਾਅਦ ਕੰਮੋਂ ਦੇ ਮੁੰਡਾ ਹੋਇਆ ਪਰ ਕਿਸਮਤ ਨੇ ਇੱਥੇ ਵੀ ਸਾਥ ਨਾ ਦਿੱਤਾ। ਮੁੰਡਾ ਜੰਮਦਾ ਹੀ ਮਰ ਗਿਆ। ਬੱਸ ਹੁਣ ਤਾਂ ਕੰਮੋਂ ਸਾਰਿਆਂ ਨੂੰ ਰੜਕਣ ਲੱਗ ਪਈ ਸੀ। ਉਸ ਨੂੰ ਸ਼ਿਲੇ ਵਿੱਚ ਪਈ ਨੂੰ ਜਠਾਣੀਆਂ ਆਖਣ ਇਹਦੇ ਤੋਂ ਤਾਂ ਬੋ ਆਉਂਦੀ ਹੈ, ਅਸੀਂ ਤਾਂ ਨੀ ਇਹਨੂੰ ਚੁੱਲ੍ਹੇ ਚੌਂਕੇ ਵਿੱਚ ਵਾੜਨਾ। ਉਹਨਾਂ ਨੇ ਓਹਦੀ ਦੇਖਭਾਲ ਤਾਂ ਕੀ ਕਰਨੀ ਸੀ ਸਗੋਂ ਇਸ ਤਰ੍ਹਾਂ ਦੀਆਂ ਤੁਹਮਤਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਪੰਜਾਂ ਦਸਾਂ ਦਿਨਾਂ ਵਿੱਚ ਹੀ ਉਸ ਨੂੰ ਡੰਗਰਾਂ ਦਾ ਗੋਹਾ ਤੇ ਬੱਕਰੀਆਂ ਦੀਆਂ ਮੀਂਗਣਾਂ ਚੁੱਕਣ ਦਾ ਕੰਮ ਸੰਭਾਲ ਦਿੱਤਾ। ਉਸ ਨੂੰ ਰਸੋਈ ਵਿੱਚ ਜਾਣੋਂ ਬੰਦ ਕਰ ਦਿੱਤਾ। ਗਗਰੀ ਨੇ ਆਪ ਚੌਂਕੇ ਵਿੱਚ ਭਰਜਾਈਆਂ ਕੋ਼ਲ ਬਹਿ ਕੇ ਰੋਟੀ ਖਾਣੀ ਤੇ ਕੰਮੋਂ ਦੀ ਰੋਟੀ ਤੇ ਦਾਲ ਵਾ਼ਲੀ ਕੌਲੀ ਚੌਂਕੇ ਤੋਂ ਬਾਹਰ ਇਸ ਤਰ੍ਹਾਂ ਰੱਖ ਦੇਣੀ ਜਿਵੇਂ ਕੋਈ ਪਾਲਤੂ ਕੁੱਤੇ ਨੂੰ ਰੋਟੀ ਖਵਾਉਂਦਾ ਹੋਵੇ। ਗਗਰੀ ਦੇ ਜ਼ੁਲਮ ਕੰਮੋਂ ਉੱਤੇ ਦਿਨੋ ਦਿਨ ਵਧਦੇ ਜਾ ਰਹੇ ਸਨ ਤੇ ਵਿਚੋਲਿਆਂ ਕੋ਼ਲ ਸ਼ਿਕਾਇਤਾਂ ਦਾ ਸਿਲਸਿਲਾ ਵੀ ਵਧਦਾ ਜਾ ਰਿਹਾ ਸੀ। ਕੋਈ ਦਿਨ ਸੁੱਕਾ ਨਹੀਂ ਜਾਂਦਾ ਸੀ ਜਿਸ ਦਿਨ ਗਗਰੀ ਨੇ ਕੰਮੋਂ ਨੂੰ ਨਾ ਕੁੱਟਿਆ ਹੋਵੇ। ਕੰਮੋਂ ਨਿਆਣੀ ਜਿਹੀ ਇਹ ਤਸੀਹੇ ਚੁੱਪ ਚਾਪ ਸਹਿੰਦੀ ਰਹਿੰਦੀ।ਜੇ ਉਹ ਦੱਸਦੀ ਵੀ ਤਾਂ ਕਿਸ ਨੂੰ ਦੱਸਦੀ।

ਇੱਕ ਦਿਨ ਵਿਚੋਲੇ ਨੇ ਮਾਲਕਾਂ ਨੂੰ ਬੁਲਾਇਆ ਤੇ ਕੰਮੋਂ ਦੀਆਂ ਸ਼ਿਕਾਇਤਾਂ ਕਰਨ ਲੱਗੇ। ਸਾਹਮਣੇ ਵੱਡੀ ਕੋਠੀ ਵਾ਼ਲੀ ਸਰਦਾਰਨੀ ਨੇ ਗੇਟ ਵਿੱਚ ਖੜ੍ਹੇ ਹੋ ਕੇ ਹੀ ਕਾਰ ਵਿੱਚ ਆਏ ਮਹਿਮਾਨਾਂ ਨੂੰ ਭਾਂਪ ਲਿਆ ਸੀ। ਉਸ ਨੇ ਵੀ ਉਹਨਾਂ ਨੂੰ ਕਿਹਾ," ਕੰਮੋਂ ਦੀ ਇਹ ਲੋਕ ਬਹੁਤ ਦੁਰਦਸ਼ਾ ਕਰਦੇ ਹਨ... ਭਾਈ ਅੱਜ ਉਸ ਦਾ ਕੋਈ ਹੱਲ ਕੱਢ ਕੇ ਜਾਇਓ...!" ਉਹ ਸਮਝ ਗਏ ਸੀ । ਉਹਨਾਂ ਤੋਂ ਕੰਮੋ ਦੀ ਹੁੰਦੀ ਦੁਰਦਸ਼ਾ ਬਰਦਾਸ਼ਤ ਨਾ ਹੋਈ। ਉਹਨਾਂ ਨੇ ਸਾਫ਼ ਕਹਿ ਦਿੱਤਾ," ਕੰਮੋਂ ਦੀਆਂ ਸਾਨੂੰ ਦੋ ਰੋਟੀਆਂ ਨਹੀਂ ਦੁਖਦੀਆਂ..... ਅਸੀਂ ਤਾਂ ਸੋਚਿਆ ਸੀ.... ਮਾਂ ਪਿਓ ਤੋਂ ਬਾਹਰੀ ਹੈ.... ਚੱਲੋ ਇਸ ਦਾ ਆਪਣਾ ਘਰ ਵਸ ਜਾਵੇਗਾ..... ਅੱਜ ਹੀ ਫੈਸਲਾ ਕਰ ਦਿਓ... ਅਸੀਂ ਕੰਮੋਂ ਨੂੰ ਨਾ਼ਲ ਲੈ ਜਾਂਦੇ ਹਾਂ.....!" ਫੈਸਲਾ ਹੋ ਗਿਆ। ਕੰਮੋਂ ਫਿਰ ਮਾਲਕਾਂ ਦੇ ਘਰ ਆ ਗਈ।ਛੇ ਕੁ ਮਹੀਨੇ ਬਾਅਦ ਫਿਰ ਪਿੰਡ ਵਿੱਚੋਂ ਹੀ ਕਿਸੇ ਨੇ ਕੰਮੋਂ ਦਾ ਕਿਸੇ ਲੋੜਵੰਦ ਵਿਅਕਤੀ ਨਾਲ ਰਿਸ਼ਤਾ ਕਰਵਾ ਦਿੱਤਾ। ਇਸ ਵਾਰ ਮਾਲਕਾਂ ਨੇ ਉਸ ਨਾ਼ਲ ਖੁੱਲ੍ਹ ਕੇ ਗੱਲ ਕੀਤੀ ਤੇ ਉਸ ਦਾ ਉਸ ਨਾ਼ਲ ਵਿਆਹ ਕਰ ਦਿੱਤਾ। ਕੰਮੋਂ ਦੀ ਕਿਸਮਤ ਹੀ ਪਲਟ ਗਈ। ਤਿੰਨ ਸਾਲਾਂ ਵਿੱਚ ਉਸ ਦੇ ਦੋ ਨਿਆਣੇ ਹੋ ਗਏ.... ਉਸ ਵਿਅਕਤੀ ਦਾ ਘਰ ਵਸ ਗਿਆ... ਉਸ ਦਾ ਪਤੀ ਉਸ ਨੂੰ ਬਹੁਤ ਪਿਆਰ ਕਰਦਾ ਸੀ। ਘਰ ਵਿੱਚ ਉਸ ਨੂੰ ਕੋਈ ਰੋਕਣ ਟੋਕਣ ਵਾਲਾ ਨਹੀਂ ਸੀ।ਉਹ ਆਪਣੇ ਘਰ ਦੀ ਆਪ ਮਾਲਕਣ ਸੀ।

ਓਧਰ ਗਗਰੀ ਨੇ ਭਰਜਾਈਆਂ ਮਗਰ ਲੱਗ ਕੇ ਕੰਮੋਂ ਨੂੰ ਤਸੀਹੇ ਦੇ ਦੇ ਕੇ ਆਪਣਾ ਘਰ ਆਪ ਉਜਾੜਿਆ ਸੀ ਤੇ ਉਹ ਸਾਰੀ ਉਮਰ ਭਰਾ ਭਰਜਾਈਆਂ ਦੀ ਚਾਕਰੀ ਕਰਨ ਜੋਗਾ ਰਹਿ ਗਿਆ ਸੀ। ਜਿਹੜੀਆਂ ਭਰਜਾਈਆਂ ਕੰਮੋਂ ਨੂੰ ਨੀਵਾਂ ਦਿਖਾਉਣ ਲਈ ਉਸ ਨੂੰ ਚੌਂਕੇ ਵਿੱਚ ਬਿਠਾ ਕੇ ਗਰਮ ਗਰਮ ਰੋਟੀਆਂ ਖਵਾਉਂਦੀਆਂ ਸਨ ਉਹੀ ਅੱਜ ਉਸ ਦੇ ਰਸੋਈ ਵਿੱਚ ਆਉਣ ਤੇ ਇਤਰਾਜ਼ ਜਤਾਉਂਦੀਆਂ ਸਨ। ਗਗਰੀ ਦੀਆਂ ਹੁਣ ਅੱਖਾਂ ਖੁੱਲ੍ਹ ਰਹੀਆਂ ਸਨ ਕਿ ਕੰਮੋਂ ਤੇ ਇਹਨਾਂ ਨੇ ਜਾਣ ਬੁੱਝ ਕੇ ਤਸ਼ੱਦਦ ਕਰਵਾਏ ਸਨ। ਉਹ ਵਿਚੋਲੇ ਕੋ਼ਲ ਗਿਆ ਤੇ ਕੰਮੋਂ ਨੂੰ ਵਾਪਸ ਲਿਆਉਣ ਬਾਰੇ ਗੱਲ ਕਰਨ ਲੱਗਿਆ ਤਾਂ ਵਿਚੋਲੇ ਨੇ ਕਿਹਾ," ਓਏ ਗਗਰੀਆ..... ਸਮਾਂ ਕਦੇ ਇੱਕੋ ਜਿਹਾ ਨਹੀਂ ਰਹਿੰਦਾ ਹੁੰਦਾ....ਜਦ ਹੱਥ ਵਿੱਚ ਹੋਵੇ ਤਾਂ ਸੰਭਾਲਣ ਦੀ ਲੋੜ ਹੁੰਦੀ ਐ....ਤੂੰ ਕੀ ਸੋਚਿਆ ਕੰਮੋਂ.... ਬੈਠੀ ਤੈਨੂੰ ਈ ਉਡੀਕਦੀ ਆ...? ..... ਓਹਦੇ ਘਰੋਂ ਤਾਂ ਤੇਰੇ ਵਰਗੇ ਵੀਹ ਗ਼ਰੀਬ ਗੁਰਬੇ ਰੋਟੀ ਖਾ ਕੇ ਢਿੱਡ ਭਰਦੇ ਨੇ.....ਕੰਮੋ ਦੀ ਕਿਸਮਤ ਚੰਗੀ ਸੀ ....ਜੋ ਵੇਲੇ ਸਿਰ...ਤੇਰੇ ਵਰਗੇ ਝੁੱਡੂ ਤੋਂ ਛੁਟਕਾਰਾ ਮਿਲ ਗਿਆ...।" ਗਗਰੀ ਸਮਝ ਗਿਆ ਸੀ ਤੇ ਉੱਠ ਕੇ ਬੀਤੇ ਸਮੇਂ ਦੀਆਂ ਕੀਤੀਆਂ ਕਰਤੂਤਾਂ ਤੇ ਪਛਤਾਉਂਦਾ ਹੋਇਆ ਮੈਲਾ ਜਿਹਾ ਕੁੜਤਾ ਤੇ ਚਾਦਰਾ ਪਾਈਂ ਟੁੱਟੇ ਛਿੱਤਰਾਂ ਵਿੱਚ ਫਸਾਏ ਹੋਏ ਪੈਰਾਂ ਨੂੰ ਘੜੀਸਦਾ ਹੋਇਆ ਆਪਣੇ ਘਰ ਵੱਲ ਨੂੰ ਤੁਰ ਪਿਆ।



ਬਰਜਿੰਦਰ ਕੌਰ ਬਿਸਰਾਓ...
9988901324

# ਭਾਰਤੀ ਕਮਿਊਨਿਸਟ ਅਤੇ ਮਜ਼ਦੂਰ ਜਮਾਤ

**ਮਜ਼ਦੂਰ ਦਿਹਾੜੇ ’ਤੇ ਵਿਸ਼ੇਸ਼-**

ਮਜ਼ਦੂਰ ਦਿਵਸ ਦੁਨੀਆ ਭਰ ਦੇ ਮਿਹਨਤਕਸ਼ ਲੋਕਾਂ ਦਾ ਗੌਰਵਮਈ ਦਿਹਾੜਾ ਹੈ, ਜਿਹੜਾ ਕਿ ਸ਼ਿਕਾਗੋ ਦੇ ਮਜ਼ਦੂਰਾਂ ਦੀ ਮਹਾਨ ਸ਼ਹਾਦਤ ਦੀ ਯਾਦ ਵਿੱਚ ਹਰ ਸਾਲ ਮਨਾਇਆ ਜਾਂਦਾ ਹੈ। ਭਾਵੇਂ ਅੱਜਕੱਲ੍ਹ ਇਸ ਦਿਨ ਨੂੰ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਬਣਾਈਆਂ ਗਈਆਂ ਅਖੌਤੀ ਟ੍ਰੇਡ ਯੂਨੀਅਨਾਂ ਵੀ ਰੀਸੋ-ਰੀਸੀ ਮਨਾਉਣ ਲੱਗ ਪਈਆਂ ਹਨ, ਜਿਨ੍ਹਾਂ ਵਿੱਚ ਸਰਮਾਏਦਾਰਾ ਨਿਜ਼ਾਮ ਦੀ ਨੁਮਾਇੰਦਗੀ ਕਰਨ ਵਾਲੀ ਮੁੱਖ ਪਾਰਟੀ ਕਾਂਗਰਸ ਵੀ ਸ਼ਾਮਲ ਹੈ ਅਤੇ ਕੱਟੜਪੰਥੀ ਤਾਕਤਾਂ ਦੀ ਸਰਪ੍ਰਸਤ ਭਾਰਤੀ ਜਨਤਾ ਪਾਰਟੀ ਵੀ, ਜਿਹੜੀਆਂ ਕਿ ਕਿਸੇ ਵੀ ਹਾਲਤ ਵਿੱਚ ਮਜ਼ਦੂਰ ਪੱਖੀ ਹੋ ਹੀ ਨਹੀਂ ਸਕਦੀਆਂ। ਸਿੱਧੇ ਅਤੇ ਸਪੱਸ਼ਟ ਰੂਪ ਵਿੱਚ ਇਹ ਦਿਹਾੜਾ ਕਮਿਊਨਿਸਟ ਵਿਚਾਰਧਾਰਾ ਨੂੰ ਪ੍ਰਣਾਈਆਂ ਹੋਈਆਂ ਜੱਥੇਬੰਦੀਆਂ ਨਾਲ ਹੀ ਸਬੰਧ ਰੱਖਦਾ ਹੈ ਕਿਉਂਕਿ ਮਾਰਕਸਵਾਦ ਹੀ ਇੱਕੋ-ਇੱਕ ਅਜਿਹਾ ਸਿਧਾਂਤ ਹੈ, ਜੋ ਸਹੀ ਅਰਥਾਂ ਵਿੱਚ ਪੂੰਜੀਵਾਦੀ ਪ੍ਰਬੰਧ ਦੇ ਖ਼ਿਲਾਫ਼ ਸੰਘਰਸ਼ ਕਰਨ ਦੇ ਸਮਰੱਥ ਹੈ। ਬੇਸ਼ੱਕ ਮੈਂ ਕਦੇ ਕਿਸੇ ਹੋਰ ਸਮਾਗਮ ਵਿੱਚ ਸ਼ਾਮਲ ਹੋ ਸਕਾਂ ਜਾਂ ਨਾ ਪਰ ਹਮੇਸ਼ਾ ਹੀ ਮੇਰੀ ਇਹ ਕੋਸ਼ਿਸ਼ ਰਹੀ ਹੈ ਕਿ ਮੈਂ ਪਹਿਲੀ ਮਈ ਦੇ ਮਜ਼ਦੂਰ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਵਿੱਚ ਜ਼ਰੂਰ ਸ਼ਾਮਲ ਹੋਵਾਂ। ਬੇਸ਼ੱਕ ਮਨੂ-ਸਿਮਰਤੀ ਅਤੇ ਅਜੋਕੇ ਸੰਵਿਧਾਨਿਕ ਪ੍ਰਬੰਧ ਵੱਲੋਂ ਕੀਤੀ ਗਈ ਵਰਗ ਵੰਡ ਮੁਤਾਬਿਕ ਮੈਂ ਵੀ ਦਲਿਤ ਭਾਈਚਾਰੇ ਵਿੱਚ ਹੀ ਗਿਣਿਆ ਜਾਂਦਾ ਹਾਂ ਪਰ ਮੇਰੀ ਸੋਚ ਕਦੇ ਵੀ ਦਲਿਤਵਾਦੀ ਨਹੀਂ ਰਹੀ। ਮੇਰੀ ਵਿਚਾਰਧਾਰਾ ਸ਼ੁਰੂ ਤੋਂ ਹੀ ਜਮਾਤੀ ਵੰਡ ਨੂੰ ਸਵਿਕਾਰਦੀ ਰਹੀ ਹੈ ਕਿਉਂਕਿ ਮੈਂ ਦੇਖਦਾ ਹਾਂ ਕਿ ਇੱਕ ਗਰੀਬ ਦਲਿਤ ਨੂੰ ਇੱਕ ਅਮੀਰ ਦਲਿਤ ਵੀ ਓਨੀ ਹੀ ਨਫ਼ਰਤ ਕਰਦਾ ਹੈ, ਜਿੰਨੀ ਉੱਚੀਆਂ ਸਮਝੀਆਂ ਜਾਂਦੀਆਂ ਜਾਤਾਂ ਵਾਲੇ ਹੋਰ ਲੋਕ ਕਰਦੇ ਹਨ। ਜਦੋਂ ਵੀ ਕੋਈ ਦਲਿਤ ਰੱਜ ਕੇ ਰੋਟੀ ਖਾਣੀ ਸ਼ੁਰੂ ਕਰ ਦਿੰਦਾ ਹੈ, ਤਾਂ ਸਭ ਤੋਂ ਪਹਿਲਾਂ ਉਹ ਆਪਣਾ ਘਰ ਬਸਤੀ ਵਿੱਚੋਂ ਵੇਚ ਕੇ ਉੱਚੀਆਂ ਸਮਝੀਆਂ ਜਾਂਦੀਆਂ ਜਾਤੀਆਂ ਵਿੱਚ ਹੀ ਪਾਉਂਦਾ ਹੈ। ਉਹ ਆਪਣੇ ਪਿੱਛੇ ਰਹਿ ਗਏ ਭਰਾਵਾਂ ਵਿੱਚ ਨਹੀਂ ਰਲਣਾ ਚਾਹੁੰਦਾ ਅਤੇ ਉੱਪਰ ਵਾਲੇ ਉਸ ਨੂੰ ਆਪਣੇ ਨਾਲ ਨਹੀਂ ਰਲਾਉਣਾ ਚਾਹੁੰਦੇ। ਅਸਲ ਵਿੱਚ ਭਾਰਤੀ ਸਮਾਜਿਕ ਢਾਂਚੇ ਦੀ ਸਹੀ ਤਸਵੀਰ ਇਹੋ ਹੀ ਹੈ, ਜਿਸ ਨੂੰ ਸਮਝੇ ਬਿਨਾਂ ਗੱਲ ਅੱਗੇ ਨਹੀਂ ਤੁਰ ਸਕਦੀ।

ਕਮਿਊਨਿਸਟ ਪਾਰਟੀ ਦੇ ਇੱਕ ਸਰਗਰਮ ਆਗੂ ਦੇ ਗੁਆਂਢ ਵਿੱਚ ਰਹਿੰਦਾ ਹੋਣ ਕਰਕੇ ਅਤੇ ਉਨ੍ਹਾਂ ਨਾਲ ਵਧੀਆ ਪਰਿਵਾਰਕ ਸਬੰਧ ਹੋਣ ਕਰਕੇ ਬਚਪਨ ਤੋਂ ਹੀ ਮੇਰੇ ਉੱਤੇ ਮਾਰਕਸਵਾਦੀ ਵਿਚਾਰਧਾਰਾ ਦਾ ਬੜਾ ਗਹਿਰਾ ਪ੍ਰਭਾਵ ਸੀ। ਇਨ੍ਹਾਂ ਦੇ ਸੰਪਰਕ ਵਿੱਚ ਰਹਿਣ ਕਰਕੇ ਮੈਨੂੰ ਕਮਿਊਨਿਸਟ ਪਾਰਟੀ ਦੇ ਬਹੁਤ ਸਾਰੇ ਵੱਡੇ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਵੀ ਮਿਲਿਆ, ਜਿਨ੍ਹਾਂ ਵਿੱਚ ਪਾਰਟੀ ਦੇ ਸੂਬਾ ਪੱਧਰ ਦੇ ਆਗੂ ਵੀ ਆਪਣੇ ਵਿਚਾਰ ਪ੍ਰਗਟਾਉਂਦੇ ਰਹੇ। ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਜਿੱਥੇ ਮੈਨੂੰ ਵਿਚਾਰਧਾਰਕ ਤੌਰ ’ਤੇ ਹੋਰ ਪ੍ਰਪੱਕਤਾ ਮਿਲੀ, ਉੱਥੇ ਇਸ ਗੱਲ ਦਾ ਅਹਿਸਾਸ ਵੀ ਹੋਇਆ ਕਿ ਸ਼ਾਇਦ ਦਲਿਤ ਹੋਣ ਕਰਕੇ ਜ਼ਿਲ੍ਹੇ ਦਾ ਜਨਰਲ ਸਕੱਤਰ ਹੋਣ ਦੇ ਬਾਵਜੂਦ ਵੀ ਇੱਕ ਉੱਘਾ ਆਗੂ ਪਾਰਟੀ ਵਿੱਚ ਉਹ ਅਹਿਮੀਅਤ ਨਹੀਂ ਸੀ ਰੱਖਦਾ, ਜਿਹੜੀ ਅਸਲ ਵਿੱਚ ਉਸ ਦੀ ਹੋਣੀ ਬਣਦੀ ਸੀ। ਇਸ ਵਰਤਾਰੇ ਨੂੰ ਮੈਂ ਸਮਾਜਿਕ ਮਾਨਸਿਕਤਾ ’ਤੇ ਜਾਤੀਵਾਦ ਦੀ ਸੂਖ਼ਮ ਪਕੜ ਵਜੋਂ ਤਾਂ ਦੇਖਦਾ ਸੀ ਪਰ ਮਾਰਕਸਵਾਦ ਵੱਲੋਂ ਸਿਧਾਂਤਕ ਤੌਰ ’ਤੇ ਕੀਤੀ ਗਈ ਜਮਾਤੀ ਵੰਡ ਸਬੰਧੀ ਮੈਨੂੰ ਕੋਈ ਭੁਲੇਖਾ ਨਹੀਂ ਸੀ। ਇਸ ਤੋਂ ਬਾਅਦ ਮੈਨੂੰ ਇਨਕਲਾਬੀ ਕੇਂਦਰ ਪੰਜਾਬ ਵਿੱਚ ਵੀ ਕੰਮ ਕਰਨ ਦਾ ਮੌਕਾ ਮਿਲਿਆ, ਜਿੱਥੇ ਮੇਰੀ ਮੁਲਾਕਾਤ ਬਹੁਤ ਸਾਰੇ ਉਨ੍ਹਾਂ ਸਾਥੀਆਂ ਨਾਲ ਹੋਈ, ਜਿਹੜੇ ਕਹਿੰਦੇ ਸਨ ਕਿ ਇਨਕਲਾਬ ਪਿਸਤੌਲ ਦੀ ਨੋਕ ਵਿੱਚੋਂ ਹੀ ਨਿੱਕਲੇਗਾ। ਇਨਕਲਾਬੀ ਅਖਵਾਉਣ ਵਾਲੀਆਂ ਇਹ ਧਿਰਾਂ ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੂੰ ਚੋਣ ਪ੍ਰਣਾਲੀ ਵਿੱਚ ਹਿੱਸਾ ਲੈਣ ਕਰਕੇ ਸੁਧਾਰਵਾਦੀ ਕਿਹਾ ਕਰਦੀਆਂ ਸਨ, ਬੇਸ਼ੱਕ ਇਨ੍ਹਾਂ ਵਿੱਚੋਂ ਬਹੁਤੀਆਂ ਨੇ ਆਪ ਵੀ ਚੋਣਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਗਤੀਵਿਧੀਆਂ ਵਿੱਚ ਸਰਗਰਮ ਰਹਿਣ ਕਰਕੇ ਮੋਟੇ ਤੌਰ ’ਤੇ ਮੇਰੀ ਇਹੋ ਸਮਝ ਬਣੀ ਕਿ ਕਿਰਤੀਆਂ ਅਤੇ ਕਿਸਾਨਾਂ ਦਾ ਕਲਿਆਣ ਸਿਰਫ਼ ਤੇ ਸਿਰਫ਼ ਇਕੱਠੇ ਹੋ ਕੇ ਸੰਘਰਸ਼ ਕਰਨ ਵਿੱਚ ਹੀ ਸੰਭਵ ਹੈ।

ਰੂਸ ਦੇ ਸਫ਼ਲ ਮਜ਼ਦੂਰ ਇਨਕਲਾਬ ਤੋਂ ਬਾਅਦ ਸੰਸਾਰ ਦੇ ਬਹੁਤ ਸਾਰੇ ਹੋਰਨਾਂ ਦੇਸ਼ਾਂ ਵਿੱਚ ਵੀ ਉੱਥਲ-ਪੁੱਥਲ ਹੋਣੀ ਸ਼ੁਰੂ ਹੋਈ ਅਤੇ ਕਈ ਦੇਸ਼ਾਂ ਵਿੱਚ ਮਾਰਕਸਵਾਦੀ ਦ੍ਰਿਸ਼ਟੀਕੋਣ ਵਾਲੀਆਂ ਹਕੂਮਤਾਂ ਵੀ ਹੋਂਦ ਵਿੱਚ ਆਈਆਂ ਪਰ ਇਹ ਹਕੂਮਤਾਂ ਮਾਰਕਸਵਾਦੀ ਸਿਧਾਂਤਾਂ ਮੁਤਾਬਿਕ ਸਮਾਜਵਾਦੀ ਪ੍ਰਬੰਧ ਸਥਾਪਿਤ ਕਰਨ ਵਿੱਚ ਬੁਰੀ ਤਰ੍ਹਾਂ ਅਸਫ਼ਲ ਰਹੀਆਂ ਕਿਉਂਕਿ ਇਨਕਲਾਬੀ ਤਾਕਤਾਂ ਦੇ ਨਾਲ-ਨਾਲ ਇਨਕਲਾਬ ਵਿਰੋਧੀ ਤਾਕਤਾਂ ਵੀ ਤਾਂ ਸਰਗਰਮ ਰਹਿੰਦੀਆਂ ਹਨ, ਇਸ ਲਈ ਜਲਦੀ ਹੀ ਲੋਕ ਇਨ੍ਹਾਂ ਤੋਂ ਵੀ ਅੱਕ ਗਏ ਅਤੇ ਇਹ ਵਿਵਸਥਾ ਵੀ ਸਿਰਫ਼ ਆਦਰਸ਼ਵਾਦ ਬਣ ਕੇ ਹੀ ਰਹਿ ਗਈ। ਇਨ੍ਹਾਂ ਦੁਆਰਾ ਸਥਾਪਿਤ ਕੀਤੇ ਗਏ ਪ੍ਰਬੰਧ ਦਾ ਬਹੁਤਾ ਮਾੜਾ ਪੱਖ ਲੋਕਾਂ ਦੇ ਵਿਚਾਰ ਪ੍ਰਗਟਾਵੇ ਦੇ ਮਾਨਵੀ ਹੱਕਾਂ ਦਾ ਖੋਹਿਆ ਜਾਣਾ ਬਣਿਆ ਕਿਉਂਕਿ ਅਸਲ ਵਿੱਚ ਪ੍ਰੋਲੇਤਾਰੀ ਦੀ ਆਖੀ ਜਾਣ ਵਾਲੀ ਡਿਕਟੇਟਰਸ਼ਿਪ ਉੱਚ ਪਾਰਟੀ ਨੇਤਾਵਾਂ ਦੀ ਡਿਕਟੇਟਰਸ਼ਿਪ ਬਣ ਕੇ ਰਹਿ ਜਾਂਦੀ ਰਹੀ। ਸਪੱਸ਼ਟ ਹੈ ਕਿ ਪ੍ਰੋਲੇਤਾਰੀ ਦੇ ਸਹੀ ਸੰਕਲਪ ਨੂੰ ਅਣਗੌਲਿਆ ਕਰਨ ਦਾ ਨਜ਼ਰੀਆ ਹੀ ਸਬੰਧਿਤ ਕਮਿਊਨਿਸਟ ਮੁਲਕਾਂ ਨੂੰ ਲੈ ਡੁੱਬਿਆ। ਅਸਲ ਵਿੱਚ ਹਰੇਕ ਦੇਸ਼ ਦਾ ਆਪਣਾ-ਆਪਣਾ ਸੱਭਿਆਚਾਰ ਅਤੇ ਆਪਣੀਆਂ-ਆਪਣੀਆਂ ਸਮੱਸਿਆਵਾਂ ਜਾਂ ਚੁਣੌਤੀਆਂ ਹੁੰਦੀਆਂ ਹਨ। ਕਿਸੇ ਵੀ ਸਿਧਾਂਤ ਜਾਂ ਫ਼ਲਸਫ਼ੇ ਨੂੰ ਕਿਸੇ ਵੀ ਦੇਸ਼ ’ਤੇ ਉਸ ਦੀਆਂ ਆਰਥਿਕ, ਭੂਗੋਲਿਕ ਅਤੇ ਸਮਾਜਿਕ ਹਾਲਤਾਂ ਨੂੰ ਸਮਝੇ ਬਿਨਾਂ ਇੰਨ-ਬਿੰਨ ਲਾਗੂ ਕਰਨਾ ਅਸੰਭਵ ਹੀ ਨਹੀਂ ਬਲਕਿ ਪਾਗਲਪਣ ਵੀ ਹੁੰਦਾ ਹੈ, ਭਾਵੇਂ ਉਹ ਸਿਧਾਂਤ ਕਿੰਨਾ ਵੀ ਚੰਗਾ ਅਤੇ ਕਲਿਆਣਕਾਰੀ ਕਿਉਂ ਨਾ ਹੋਵੇ।

ਭਾਰਤੀ ਕਮਿਊਨਿਸਟਾਂ ਦੀ ਹਾਲਤ ਇਸ ਤੋਂ ਵੀ ਭੈੜੀ ਹੈ। ਜਿਸ ਪ੍ਰੋਲੇਤਾਰੀ ਸਮਾਜ ਦੀ ਮੁਕਤੀ ਲਈ ਕਾਰਲ ਮਾਰਕਸ ਨੇ ਆਪਣਾ ਇਨਕਲਾਬੀ ਸਿਧਾਂਤ ਸਿਰਜਿਆ ਸੀ, ਉਸ ਦੇ ਭਾਰਤੀ ਮੁਹਾਂਦਰੇ ਦੀ ਨਬਜ਼ ਪਛਾਣਨ ਵਿੱਚ ਇਨ੍ਹਾਂ ਨੇ ਭਾਰੀ ਗਲਤੀ ਕੀਤੀ। ਲਕੀਰ ਦੇ ਫ਼ਕੀਰ ਬਣੇ ਇਹ ਹਮੇਸ਼ਾ ਰਟੀ-ਰਟਾਈ ਆਰਥਿਕ ਲੁੱਟ ਦੀਆਂ ਬਾਤਾਂ ਹੀ ਪਾਉਂਦੇ ਰਹੇ। ਕਦੇ ਸੋਵੀਅਤ ਸੰਘ ਮਾਰਕਾ ਪ੍ਰਬੰਧ ਸਿਰਜਣ ਦੇ ਸਬਜ਼-ਬਾਗ਼ ਦੇਖਦੇ ਰਹੇ ਅਤੇ ਕਦੇ ਚੀਨ ਮਾਰਕਾ ਇਨਕਲਾਬ ਲਿਆਉਣ ਦੀਆਂ ਗੱਲਾਂ ਕਰਦੇ ਰਹੇ। ਇਨ੍ਹਾਂ ਨੇ ਕਦੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਭਾਰਤ ਦੇ ਅਸਲੀ ਪ੍ਰੋਲੇਤਾਰੀ ਦਲਿਤ ਵਰਗ ਦੀ ਸਭ ਤੋਂ ਮੁੱਖ ਸਮੱਸਿਆ ਸਮਾਜਿਕ ਹੈ, ਜਿਹੜੀ ਆਰਥਿਕਤਾ ਤੋਂ ਵੀ ਕਿਤੇ ਵੱਧ ਘਾਤਕ ਹੈ। ਦੇਸ਼ ਦੀ ਆਜ਼ਾਦੀ ਤੋਂ ਪੌਣੀ ਸਦੀ ਬਾਅਦ ਵੀ ਉਸ ਨੂੰ ਮਨੁੱਖ ਹੀ ਨਹੀਂ ਸਮਝਿਆ ਜਾ ਰਿਹਾ ਅਤੇ ਅਜੇ ਵੀ ਉਹ ਨਿੱਕੀ-ਸੁੱਕੀ ਜਾਤ, ਢੇਡ, ਗਿੱਟਲ ਜਾਂ ਨੀਚ ਹੀ ਅਖਵਾ ਰਿਹਾ ਹੈ। ਭਾਰਤੀ ਪ੍ਰੋਲੇਤਾਰੀ ਦੀ ਇਹ ਤਰਸਯੋਗ ਤਸਵੀਰ ਕਦੇ ਕਮਿਊਨਿਸਟਾਂ ਨੂੰ ਨਜ਼ਰ ਹੀ ਨਹੀਂ ਪਈ। ਉਹ ਨਹੀਂ ਸਮਝ ਸਕੇ ਕਿ ਜਿੱਲ੍ਹਤ ਦੀ ਜ਼ਿੰਦਗੀ ਤਾਂ ਭੁੱਖੇ ਮਰ ਜਾਣ ਨਾਲੋਂ ਵੀ ਕਿਤੇ ਵੱਧ ਦਰਦਨਾਕ ਹੁੰਦੀ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਮਾਰਕਸਵਾਦ ਮਿਹਨਤਕਸ਼ ਲੋਕਾਂ ਦੀ ਮੁਕਤੀ ਦੇ ਸੰਘਰਸ਼ ਦਾ ਵਿਗਿਆਨਕ ਸਿਧਾਂਤ ਹੈ ਪਰ ਇਹ ਵੀ ਇੱਕ ਕੌੜਾ ਸੱਚ ਹੈ ਕਿ ਸਾਡੇ ਬਹੁਤੇ ਕਮਿਊਨਿਸਟ ਖ਼ੁਦ ਵੀ ਅਜੇ ਤੱਕ ਜਾਤ-ਪਾਤ ਦੇ ਪ੍ਰਭਾਵ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕੇ। ਇਸ ਦਾ ਮਤਲਬ ਬਿਲਕੁੱਲ ਵੀ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੇ ਸਰੋਕਾਰਾਂ ਵਿੱਚ ਕੋਈ ਸਾਂਝ ਹੀ ਨਹੀਂ ਹੈ ਬਲਕਿ ਇੱਕ ਦੂਜੇ ਤੋਂ ਬਿਨਾਂ ਤਾਂ ਇਹ ਦੋਵੇਂ ਹੀ ਅਧੂਰੇ ਹਨ। ਗੱਡੇ ਦੇ ਦੋ ਪਹੀਆਂ ਵਾਂਗ ਦੋਹਾਂ ਦਾ ਮਿਲ ਕੇ ਚੱਲਣਾ ਬੇਹੱਦ ਜ਼ਰੂਰੀ ਹੈ ਪਰ ਮੇਰਾ ਮੰਨਣਾ ਹੈ ਕਿ ਸਮੂਹ ਕਿਸਾਨਾਂ ਅਤੇ ਕਾਮਿਆਂ ਨੂੰ ਹਰ ਕਿਸਮ ਦੇ ਭੇਦ-ਭਾਵ ਵਾਲੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਸਹੀ ਅਰਥਾਂ ਵਿੱਚ ਮਿਹਨਤਕਸ਼ ਜਮਾਤ ਦੇ ਰੂਪ ਵਿੱਚ ਜੱਥੇਬੰਦ ਹੋਣਾ ਚਾਹੀਦਾ ਹੈ।

ਪੰਜਾਬ ਵਿੱਚ ਤਾਂ ਕਮਿਊਨਿਸਟਾਂ ਨੂੰ ਜ਼ਿਆਦਾ ਮਿਹਨਤ ਕਰਨ ਦੀ ਲੋੜ ਹੀ ਨਹੀਂ ਸੀ ਕਿਉਂਕਿ ਇੱਥੇ ਤਾਂ ਪਹਿਲਾਂ ਤੋਂ ਹੀ ਇਸ ਵਿਚਾਰਧਾਰਾ ਦਾ ਜਨਮ ਹੋ ਚੁੱਕਿਆ ਸੀ। ਕਾਰਲ ਮਾਰਕਸ ਤੋਂ ਵੀ ਲੱਗਭੱਗ ਸਾਢੇ ਤਿੰਨ ਸਦੀਆਂ ਪਹਿਲਾਂ ਬਾਬੇ ਨਾਨਕ ਨੇ ਜਮਾਤੀ ਵੰਡ ਕਰਦਿਆਂ ਕਿਰਤੀ ਅਤੇ ਵਿਹਲੜ ਲੋਕਾਂ ਦਰਮਿਆਨ ਸਪੱਸ਼ਟ ਲਕੀਰ ਖਿੱਚ ਦਿੱਤੀ ਸੀ, ਜਦੋਂ ਉਨ੍ਹਾਂ ਨੇ ਮਲਕ ਭਾਗੋ ਦੀਆਂ ਪੂਰੀਆਂ ਵਿੱਚ ਕਿਰਤੀਆਂ ਦਾ ਖ਼ੂਨ ਆਖ ਕੇ ਖਾਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਭਾਈ ਲਾਲੋ ਦੀ ਰੁੱਖੀ-ਮਿੱਸੀ ਛਕ ਕੇ ਕਿਰਤਾਂ ਨੂੰ ਵਡਿਆਈ ਦੇਣ ਦਾ ਸੁਨੇਹਾ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਦੀ ਅਗਵਾਈ ਵਿੱਚ ਜ਼ਾਬਰ ਹਕੂਮਤਾਂ ਨਾਲ ਜੂਝਣ ਵਾਲੇ ਲੋਕ ਕਾਰਲ ਮਾਰਕਸ ਦੇ ਆਖੇ ਹੋਏ ਪ੍ਰੋਲੇਤਾਰੀ ਸਮਾਜ ਵਿੱਚੋਂ ਹੀ ਤਾਂ ਸਨ ਪਰ ਸਾਡੇ ਕਮਿਊਨਿਸਟ ਆਗੂ ਜਾਣ-ਬੁੱਝ ਕੇ ਆਪਣੀ ਇਸ ਅਮੀਰ ਵਿਰਾਸਤ ਨੂੰ ਅਣਡਿੱਠ ਕਰਦੇ ਰਹੇ। ਨਿਰਸੰਦੇਹ ਕਾਰਲ ਮਾਰਕਸ, ਲੈਨਿਨ, ਸਟਾਲਿਨ ਅਤੇ ਮਾਓ ਸਾਡੇ ਲਈ ਬੇਹੱਦ ਸਤਿਕਾਰਯੋਗ ਹਨ ਪਰ ਇਹ ਮੰਨਣਾ ਪਵੇਗਾ ਕਿ ਸਾਡੇ ਨਾਇਕ ਕੇਵਲ ਤੇ ਕੇਵਲ ਸਾਡੇ ਪੁਰਖੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜਾਂ ਗੁਰੂ ਰਵਿਦਾਸ ਹੀ ਹੋ ਸਕਦੇ ਹਨ। ਜੇਕਰ ਉਹ ਮਾਰਕਸਵਾਦੀ ਵਿਚਾਰਧਾਰਾ ਨੂੰ ਬਾਬੇ ਨਾਨਕ ਦੇ ਪਿਆਰ ਭਿੱਜੇ ਸ਼ਬਦਾਂ ਵਿੱਚ ਗੁੰਨ੍ਹ ਕੇ ਲੋਕਾਂ ਵਿੱਚ ਲਿਜਾਂਦੇ ਤਾਂ ਸੱਚਮੁੱਚ ਨਤੀਜੇ ਕੁੱਝ ਹੋਰ ਹੀ ਹੋਣੇ ਸਨ। ਲੋਕਾਂ ਦੀ ਪੁਰਜ਼ੋਰ ਇੱਛਾ ਦੇ ਬਾਵਜੂਦ ਵੀ ਇਨ੍ਹਾਂ ਨੇ ਕਦੇ ਕੋਈ ਸਪੱਸ਼ਟ ਸਿਆਸੀ ਪੈਂਤੜਾ ਨਹੀਂ ਲਿਆ ਬਲਕਿ ਹੋਰਨਾਂ ਸਿਆਸੀ ਪਾਰਟੀਆਂ ਵਾਂਗ ਹਮੇਸ਼ਾ ਗੱਠਜੋੜਾਂ ਦੇ ਗੋਰਖਧੰਦੇ ਵਿੱਚ ਹੀ ਉਲਝੇ ਰਹੇ। ਅਜਿਹਾ ਕਰਦਿਆਂ ਇਨ੍ਹਾਂ ਨੇ ਕਦੇ ਇਸ ਗੱਲ ਦਾ ਵੀ ਧਿਆਨ ਨਹੀਂ ਰੱਖਿਆ ਕਿ ਜਿਹੜੀ ਪਾਰਟੀ ਨਾਲ ਗੱਠਜੋੜ ਬਣਾਇਆ ਜਾ ਰਿਹਾ ਹੈ, ਉਸ ਨਾਲ ਇਨ੍ਹਾਂ ਦੀ ਕੋਈ ਵਿਚਾਰਧਾਰਕ ਸਾਂਝ ਵੀ ਬਣਦੀ ਹੈ ਜਾਂ ਨਹੀਂ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਇਸ ਲਈ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਈਆਂ ਹੋਈਆਂ ਸਮੂਹ ਧਿਰਾਂ ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਤਿਆਗ ਕੇ ਸਹੀ ਅਰਥਾਂ ਵਿੱਚ ਲੁੱਟੇ ਜਾਣ ਵਾਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਪਸ਼ੂਆਂ ਵਰਗੀ ਜੂਨ ਤੋਂ ਛੁਟਕਾਰਾ ਦਿਵਾਉਣ ਲਈ ਕੋਈ ਨਿੱਗਰ ਉਪਰਾਲਾ ਕਰਨ। ਇਹ ਸਭ ਕੁੱਝ ਕਿਰਤੀ-ਕਿਸਾਨਾਂ ਦੀ ਸੁਚੱਜੀ ਏਕਤਾ ਕਾਰਨ ਹੀ ਸੰਭਵ ਹੋ ਸਕਦਾ ਹੈ ਪਰ ਇਹ ਏਕਤਾ ਸਿਰਫ਼ ਆਰਥਿਕ ਬਰਾਬਰੀ ਦੇ ਸਿਧਾਂਤ ’ਤੇ ਚੱਲ ਕੇ ਹੀ ਬਰਕਰਾਰ ਨਹੀਂ ਰਹਿ ਸਕਦੀ। ਇਸ ਲਈ ਅਜੋਕੇ ਸਮੇਂ ਦੀ ਇਹ ਅਣਸਰਦੀ ਲੋੜ ਹੈ ਕਿ ਭਾਰਤੀ ਕਮਿਊਨਿਸਟ ਆਰਥਿਕ ਸ਼ੋਸ਼ਣ ਦੇ ਨਾਲ-ਨਾਲ, ਸਮਾਜਿਕ ਸ਼ੋਸ਼ਣ ਦੇ ਮੁੱਦੇ ਨੂੰ ਵੀ ਆਪਣੇ ਪ੍ਰੋਗਰਾਮ ਵਿੱਚ ਸ਼ਾਮਲ ਕਰਨ ਅਤੇ ਇਹ ਵੀ ਲਾਜ਼ਮੀ ਹੈ ਕਿ ਉਹ ਆਪਣੇ ਨਾਇਕ ਆਪਣੇ ਪੁਰਖਿਆਂ ਵਿੱਚੋਂ ਹੀ ਤਲਾਸ਼ਣ ਦੀ ਕੋਸ਼ਿਸ਼ ਕਰਨ। ਮੇਰੇ ਖ਼ਿਆਲ ਵਿੱਚ ਮਈ ਦਿਵਸ ਦੇ ਸ਼ਹੀਦਾਂ ਨੂੰ ਇਸ ਤੋਂ ਵਧੀਆ ਕੋਈ ਹੋਰ ਸ਼ਰਧਾਂਜਲੀ ਹੋ ਹੀ ਨਹੀਂ ਸਕਦੀ।



**ਕਰਮ ਸਿੰਘ ਜ਼ਖ਼ਮੀ**
**ਗੁਰੂ ਤੇਗ ਬਹਾਦਰ ਨਗਰ, ਹਰੇੜੀ ਰੋਡ, ਸੰਗਰੂਰ-**
**ਸੰਪਰਕ:**
**98146-28027**

# ਮਜ਼ਦੂਰ ਦਿਵਸ ਤੇ

ਸਮਝ ਨਾ ਆਇਆ ਤੇਰਾ ਰਾਜ਼ ਨੀ ਆਜ਼ਾਦੀ ਏ ।
ਅਜੇ ਅਸੀਂ ਹੋਏ ਨਾ ਆਜ਼ਾਦ ਨੀ ਆਜ਼ਾਦੀ ਏ ।
ਲੂਸੇ ਪਏ ਪਿੰਡੇ ਮਜ਼ਦੂਰਾਂ ਮਜ਼ਲੂਮਾਂ ਦੇ ।
ਰੋਟੀ ਦਾ ਫਿਕਰ ਕੋਈ ਚਾਅ ਨਾ ਟੂੰਮਾ ਦੇ ।
ਫਾਹੇ ਲੈਂਦਿਆਂ ਦੀ ਜ਼ਰਾ ਸਮਝ ਲੈ ਪੀੜਾ ਸਾਡੀ,
ਕਾਹਤੋਂ ਅਸੀਂ ਹੋਏ ਹਾਂ ਮੁਥਾਜ ਨੀ ਆਜ਼ਾਦੀ ਏ ।
ਅਜੇ ਅਸੀਂ ਹੋਏ ਨਾ ਆਜ਼ਾਦ ਨੀ ਆਜ਼ਾਦੀ ਏ ।
ਰਹਿ ਰਹਿ ਕੇ ਢਾਰਿਆਂ ਚ ਸ਼ੌਕ ਸਾਡੇ ਮੋਏ ਨੀ।
ਬੇਈਮਾਨ ਲੀਡਰਾਂ ਨੇ ਹੱਕ ਸਾਡੇ ਖੋਏ ਨੀ।
ਢਲਦੀ ਦੁਪਹਿਰ ਨਾਲ ਰੀਝਾਂ ਢਲ ਜਾਣ ਨਿੱਤ,
ਸੁਣਦਾ ਨਾ ਕੋਈ ਵੀ ਆਵਾਜ਼ ਨੀ ਆਜ਼ਾਦੀ ਏ ।
ਅਜੇ ਅਸੀਂ ਹੋਏ ਨਾ ਆਜ਼ਾਦ--------
ਸਾਡੀ ਕੁੱਲੀ ਜੁੱਲੀ ਵਿਚ ਬੀਤ ਗਈ ਜਵਾਨੀ ਨੀ।
ਕਿਸੇ ਕੋਲ ਲੱਖਾਂ ਸਾਡੇ ਪੱਲੇ ਨਾ ਦੁਆਨੀ ਨੀ।
ਹੱਕ ਦੀ ਕਮਾਈ ਨਾਲ ਬਣਦਾ ਨਾ ਕੁੱਝ ਏਥੇ,
ਕਰੀਏ ਕੀ ਤੇਰੇ ਉੱਤੇ ਨਾਜ਼ ਨੀ ਆਜ਼ਾਦੀ ਏ ।
ਅਜੇ ਅਸੀਂ ਹੋਏ ਨਾ ਆਜ਼ਾਦ----------
ਤੱਤੀਆਂ ਲੂਆਂ ਚ ਸਾਡੇ ਝੁਲਸੇ ਨੇ ਮੁੱਖ ਨੀ।
ਵਿਹਲੜਾਂਨੂੰ ਸੁੱਖ ਦੇਵੇਂ,ਕਿਰਤੀ ਨੂੰ ਦੁੱਖ ਨੀ।
ਸਾਡੇ ਨਾਲੋਂ ਤੋੜੀਆਂ ਤੂੰ ਮੋਹ ਦੀਆਂ ਤੰਦਾਂ ਕਿਓਂ,
'ਰਾਜਨ ' ਦੇ ਖੋਏ ਨੇ ਮਿਜ਼ਾਜ਼ ਨੀ ਆਜ਼ਾਦੀ ਏ ।
ਅਜੇ ਅਸੀਂ ਹੋਏ ਨਾ ਆਜ਼ਾਦ ਨੀ ਆਜ਼ਾਦੀ ਏ ।



ਰਜਿੰਦਰ ਸਿੰਘ ਰਾਜਨ
ਸੰਪਰਕ-9876184954

# ਅਨੇਕ ਸਮੱਸਿਆਵਾਂ ਨਾਲ ਜੂਝ ਰਹੀ ਕਿਸਾਨੀ

ਤਕਰੀਬਨ ਪਿਛਲੇ ਕਈ ਸਾਲਾਂ ਤੋਂ ਖੇਤੀ ਘਾਟੇ ਦਾ ਸੌਦਾ ਬਣ ਕੇ ਰਹਿ ਗਈ ਹੈ। ਪਿਛਲੇ ਸਾਲ ਪੰਜਾਬ ਵਿੱਚ ਆਏ ਹੜਾਂ ਨੇ ਕਈ ਜ਼ਿਲਿਆਂ ਦੀ ਖੇਤੀ ਨੂੰ ਪ੍ਰਭਾਵਿਤ ਕੀਤਾ ਸੀ। ਵਾਹੀਯੋਗ ਉਪਕਰਨ ਵੀ ਪਾਣੀ ਵਿੱਚ ਵਹਿ ਗਏ ਸਨ। ਜਮੀਨ ਨੂੰ ਪੱਧਰਾ ਕਰਨ ਤੇ ਕਿਸਾਨਾਂ ਨੂੰ ਬਹੁਤ ਮਿਹਨਤ ਕਰਨੀ ਪਈ। ਇਸ ਵਾਰ ਕਿਸਾਨਾਂ ਨੂੰ ਉਮੀਦ ਸੀ ਕਿ ਕਣਕ ਦੀ ਫਸਲ ਵਧੀਆ ਹੋਵੇਗੀ। ਵਧੀਆ ਮੁਨਾਫ਼ਾ ਕਮਾ ਕੇ ਉਹ ਆਪਣਾ ਕਰਜ਼ਾ ਲਾਉਣਗੇ, ਪਰ ਪੱਕੀ ਫਸਲ ਤੇ ਗੜੇਮਾਰੀ ਪੈਣ ਕਾਰਨ ਫਿਰ ਅੰਨਦਾਤੇ ਦਾ ਬਹੁਤ ਨੁਕਸਾਨ ਹੋਇਆ। ਕਣਕ ਦਾ ਝਾੜ ਬਹੁਤ ਘੱਟ ਨਿਕਲਿਆ। ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਤੇ ਕਾਟ ਕੱਟੀ ਗਈ।ਕਈ ਥਾਵਾਂ ਤੇ ਦਾਣਾ ਕਾਲਾ ਪੈ ਗਿਆ, ਜਾਂ ਦਾਣੇ ਵਿੱਚ ਬਾਰੀਕੀ ਸੀ। ਕਿਸਾਨਾਂ ਦੀ ਮਿਹਨਤ ਦਾ ਮੁੱਲ ਨਹੀਂ ਪਿਆ। ਅੱਜ ਫਸਲਾਂ ਦੀ ਪੈਦਾਵਾਰ ਵਿੱਚ ਵੱਡੀ ਪੱਧਰ ਤੇ ਗਿਰਾਵਟ ਆਈ ਹੈ। ਉਧਰ ਖੇਤੀਬਾੜੀ ਵਿਭਾਗ ਕਹਿੰਦਾ ਹੈ ਕਿ ਇਸ ਸਾਲ ਦੋ ਤੋਂ ਤਿੰਨ ਕੁਇੰਟਲ ਪ੍ਰਤੀ ਏਕੜ ਝਾੜ ਘੱਟ ਨਿਕਲਿਆ ਹੈ, ਪਰ ਕਿਸਾਨਾਂ ਦਾ ਦਾਅਵਾ ਹੈ ਕਿ ਚਾਰ ਤੋਂ ਪੰਜ ਕੁਇੰਟਲ ਪ੍ਰਤੀ ਏਕੜ ਝਾੜ ਪਿਛਲੇ ਸਾਲ ਦੇ ਮੁਕਾ-ਬਲੇ ਘੱਟ ਹੈ। ਪੱਕੀ ਫਸਲ ਤੇ ਗੜੇਮਾਰੀ ਕਾਰਨ ਸੂਬਾ ਸਰਕਾਰ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਕਿ ਜਲਦੀ ਤੋਂ ਜਲਦੀ ਗਿਰਦਾਵਰੀ ਕੀਤੀ ਜਾਵੇ। ਪਰ ਕਿਸਾਨਾਂ ਦਾ ਦਾਅਵਾ ਹੈ ਕਿ ਉਹਨਾਂ ਨੂੰ ਹੜਾਂ ਦਾ ਵੀ ਹਜੇ ਤੱਕ ਮੁਆਵਜ਼ਾ ਨਹੀਂ ਮਿਲਿਆ। ਇਹ ਮੁਆਵਜ਼ਾ ਤਾਂ ਪਤਾ ਨਹੀਂ ਕਦੋਂ ਮਿਲੇਗਾ? ਜਿਆਦਾਤਰ ਪੰਜਾਬ ਵਿੱਚ ਕਣਕ ਤੇ ਝੋਨੇ ਦੀ ਫਸਲ ਲਗਾਈ ਜਾਂਦੀ ਹੈ, ਜਿੱਥੇ ਇਹ ਫਸਲ ਐਮਐਸਪੀ ਤੇ ਵਿਕ ਜਾਂਦੀ ਹੈ। ਬਾਕੀ ਫਸਲਾਂ ਐਮਐਸਪੀ ਤੇ ਨਹੀਂ ਵਿਕਦੀਆਂ ਹਨ, ਚਾਹੇ ਸਰਕਾਰਾਂ ਤਾਂ ਦਾਅਵੇ ਕਰਦੀਆਂ ਹਨ ਕਿ ਅਸੀਂ ਫਲਾਣੀ ਫਸਲ ਤੇ ਐਮਐਸਪੀ ਦੇਵਾਂਗੇ ,ਪਰ ਜਦੋਂ ਮੰਡੀਆਂ ਵਿੱਚ ਅੰਨਦਾਤਾ ਰੁਲਦਾ ਹੈ ਫਿਰ ਪਤਾ ਲੱਗਦਾ ਹੈ ਕਿ ਸਰਕਾਰਾਂ ਕਿੱਥੇ ਖੜੀਆਂ ਹਨ। ਜਦੋਂ ਆਟਾ ਚੱਕੀਆਂ ਤੇ ਲੋਕ ਆਟਾ ਖਰੀਦਣ ਜਾਂਦੇ ਹਨ ਤਾਂ ਉੱਥੇ 40 ਰੁਪਏ ਤੋਂ 45 ਰੁਪਏ ਤੱਕ ਆਟਾ ਕਿਲੋ ਦੇ ਹਿਸਾਬ ਨਾਲ ਵਿਕਦਾ ਹੈ। ਪਰ ਜੋ ਸਰਕਾਰ ਵੱਲੋਂ ਕਣਕ ਦਾ ਰੇਟ ਹੈ ਉਹ 2500 ਰੁਪਏ ਵੀ ਨਹੀਂ ਹੈ। ਪਿਛਲੇ ਕਈ ਸਾਲਾਂ ਤੋਂ ਪ੍ਰਾਈਵੇਟ ਕੰਪਨੀਆਂ ਵੱਲੋਂ ਕਿਸਾਨਾਂ ਦੀ ਫਸਲਾਂ ਖਰੀਦੀ ਜਾ ਰਹੀਆਂ ਸੀ। ਇਸ ਵਾਰ ਕਈ ਪ੍ਰਾਈਵੇਟ ਕੰਪਨੀਆਂ ਨੇ ਕਣਕ ਦੀ ਕੁਆਲਿਟੀ ਵਿੱਚ ਨੁਕਸ ਕੱਢਿਆ ਹੈ। ਪ੍ਰਾਈਵੇਟ ਕੰਪਨੀਆਂ ਦਾ ਅੰਦਾਜ਼ਾ ਹੈ ਕਿ ਖਾੜੀ ਦੇਸ਼ਾਂ ਦੀ ਜੰਗ ਕਾਰਨ ਫਸਲ ਦੀ ਸਪਲਾਈ ਕਰਨ ਵਿੱਚ ਮੁਸ਼ਕਿਲਾਂ ਆਉਣਗੀਆਂ। ਅਕਸਰ ਅਸੀਂ ਦੇਖ ਰਹੇ ਹਾਂ ਕਿ ਜਦੋਂ ਤੋਂ ਖਾੜੀ ਦੇਸ਼ਾਂ ਵਿੱਚ ਜੰਗ ਲੱਗੀ ਹੈ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਬਹੁਤ ਵਾਧਾ ਹੋ ਚੁੱਕਿਆ ਹੈ। ਘਰੇਲੂ ਗੈਸ ਸਲਿੰਡਰ ਵਿੱਚ ਵਾਧਾ ਹੋਇਆ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਮਾਹਿਰਾਂ ਦਾ ਮੰਨਣਾ ਹੈ ਕਿ ਪੈਟਰੋਲ ਡੀਜ਼ਲ ਦੇ ਰੇਟ ਵੀ ਹੋਰ ਵੱਧਣਗੇ। ਗੈਸ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਸੜਕ ਕਿਨਾਰੇ ਜੋ ਛੋਟੇ ਢਾਬੇ ਸਨ, ਉਹਨਾਂ ਨੂੰ ਬਲੈਕ ਵਿੱਚ ਚਾਰ ਤੋਂ ਪੰਜ ਹਜ਼ਾਰ ਦਾ ਸਿਲੰਡਰ ਮਿਲ ਰਿਹਾ ਹੈ। ਪਰ ਕਿਸਾਨਾਂ ਦੀਆਂ ਸਬਜ਼ੀਆਂ ਫਿਰ ਵੀ ਮੰਡੀਆਂ ਵਿੱਚ ਰੁਲ ਰਹੀਆਂ ਹਨ। ਉਹਨਾਂ ਦੇ ਭਾਅ ਵਿੱਚ ਕੋਈ ਵੀ ਉਤਰਾਅ ਚੜਾਅ ਨਹੀਂ ਆਇਆ ਹੈ। ਵਪਾਰੀ ਕਿਸਾਨਾਂ ਤੋਂ ਸਸਤੀ ਵਸਤੂਆਂ ਖਰੀਦ ਕੇ ਮਹਿੰਗੇ ਭਾਅ ਵੇਚਦੇ ਹਨ। ਵਪਾਰੀ ਤਾਂ ਰੋ ਰਹੇ ਹਨ ਕਿ ਉਨਾਂ ਨੂੰ ਬਹੁਤ ਘਾਟਾ ਪੈ ਰਿਹਾ ਹੈ, ਪਰ ਕਿਸਾਨਾਂ ਦੀ ਗੱਲ ਕੋਈ ਵੀ ਨਹੀਂ ਸੁਣਦਾ ਹੈ। ਜਦੋਂ ਕਿਸਾਨਾਂ ਦੀ ਫਸਲ ਨਹੀਂ ਵਿਕਦੀ ਜਾਂ ਘੱਟ ਰੇਟ ਤੇ ਵਿਕਦੀ ਹੈ ਤਾਂ ਉਹ ਸੜਕਾਂ ਤੇ ਫਸਲਾਂ ਸੁੱਟ ਕੇ ਪ੍ਰਦਰਸ਼ਨ ਕਰਦੇ ਹਨ। ਜਦੋਂ ਕਿਸਾਨਾਂ ਦਾ ਆਲੂ ਜਾਂ ਪਿਆਜ਼ ਮਾਰਕੀਟ ਵਿੱਚ ਆਉਂਦਾ ਹੈ ਤਾਂ ਉਸਦੇ ਭਾਅ ਡਿੱਗ ਜਾਂਦੇ ਹਨ ਤੇ ਜਦੋਂ ਵਪਾਰੀ ਵੇਚਦੇ ਹਨ ਤਾਂ ਉਹ ਰੇਟ ਬਹੁਤ ਹੁੰਦੇ ਹਨ। ਅੱਜ ਕਿਸਾਨੀ ਨੂੰ ਦਰਪੇਸ਼ ਚੁਣੌਤੀਆਂ ਨਾਲ ਜੂਝਣਾ ਪੈ ਰਿਹਾ ਹੈ। ਕਿਸਾਨਾਂ ਦੀ ਫਸਲ ਦਾ ਮੁੱਲ ਉਹਨਾਂ ਨੂੰ ਕਦੇ ਵੀ ਨਹੀਂ ਮਿਲਦਾ ਹੈ ।ਪੰਜ ਸਾਲ ਪਹਿਲਾਂ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨ ਲਿਆਂਦੇ ਗਏ ਸਨ। ਦਿੱਲੀ ਦੀ ਬਰੂਹਾਂ ਤੇ ਕਿਸਾਨਾਂ ਨੇ ਧਰਨੇ ਲਗਾ ਕੇ ਉਹ ਕਾਨੂੰਨ ਰੱਦ ਕਰਵਾਏ ਸਨ। ਅੱਜ ਭਾਰਤ ਅਮਰੀਕਾ ਵਪਾਰਕ ਸਮਝੌਤਾ ਹੋਇਆ ਹੈ ,ਕਿਸਾਨ ਇਸ ਦੇ ਵੀ ਵਿਰੁੱਧ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮੈਮੋਰੈਂਡਮ ਤੱਕ ਦੇ ਰਹੇ ਹਨ।ਪਿੱਛੇ ਜੇ ਖਬਰ ਪੜਨ ਨੂੰ ਮਿਲੀ ਕਿ ਮਾਲਵਾ ਵਿਖੇ ਕਪਾਹ ਤੇ ਐਮਐਸਪੀ ਨਹੀਂ ਵਿਕੀ। ਅੱਕ ਕੇ ਕਿਸਾਨਾਂ ਨੇ ਉਹ 3500 ਤੋਂ 5000 ਦੇ ਵਿੱਚ ਵੇਚ ਦਿੱਤੀ। ਦੇਸ਼ ਦਾ ਅੰਨ ਭੰਡਾਰ ਭਰਨ ਵਿੱਚ ਪੰਜਾਬ ਦਾ ਕਿਸਾਨ ਹਮੇਸ਼ਾ ਹੀ ਅੱਗੇ ਰਿਹਾ ਹੈ। ਅੱਜ ਰਸਾਇਣਿਕ ਖਾਦਾਂ , ਕੀਟਨਾਸ਼ਕਾਂ , ਦਵਾਈਆਂ ਦੇ ਬਹੁਤ ਰੇਟ ਹੋ ਚੁੱਕੇ ਹਨ। ਖੇਤੀ ਲਗਾਤਾਰ ਘਾਟੇ ਦਾ ਸੌਦਾ ਬਣਦੀ ਜਾ ਰਹੀ ਹੈ। ਕਿਸਾਨਾਂ ਦੀ ਹਾਲਤ ਲਗਾਤਾਰ ਮਾੜੀ ਹੁੰਦੀ ਜਾ ਰਹੀ ਹੈ। ਹਾਲਾਂਕਿ ਕੇਂਦਰ ਤਾਂ ਵਾਰ-ਵਾਰ ਕਹਿੰਦਾ ਹੈ ਕਿ ਕਿਸਾਨਾਂ ਦੀ ਆਮਦਨ ਦੁਗਣੀ ਹੋ ਰਹੀ ਹੈ। ਪਰ ਸੱਚਾਈ ਸਾਰਿਆਂ ਦੇ ਸਾਹਮਣੇ ਹੈ। ਘਾਟੇ ਕਾਰਨ ਕਿਸਾਨ ਖੁਦਕੁਸ਼ੀ ਦੇ ਰਾਹ ਤੁਰ ਪਏ ਹਨ ।ਹਾਲ ਹੀ ਵਿੱਚ ਮੋਗਾ ਵਿਖੇ ਦੋ ਸਕੇ ਭਰਾਵਾਂ ਨੇ ਇਕੱਠੇ ਖੁਦਕੁਸ਼ੀ ਕੀਤੀ, ਕਰਜਾ ਬਹੁਤ ਚੜ ਗਿਆ ਸੀ। ਜੇ ਫਸਲ ਵਧੀਆ ਹੋ ਜਾਵੇ ਤਾਂ ਕੁਦਰਤੀ ਮਾਰ ਵੀ ਕਿਸਾਨ ਨੂੰ ਝੱਲਣੀ ਪੈ ਰਹੀ ਹੈ। ਕਈ ਕਈ ਦਿਨ ਅੰਨਦਾਤੇ ਨੂੰ ਮੰਡੀਆਂ ਵਿੱਚ ਖੁੱਲੇ ਅਸਮਾਨ ਹੇਠ ਆਪਣੀ ਫਸਲ ਰੱਖਣੀ ਪੈਂਦੀ ਹੈ। ਕਿਸਾਨਾਂ ਦੀ ਕੋਈ ਕਦਰ ਨਹੀਂ। ਹਰ ਕਿਸਾਨ ਨੂੰ ਹੁੰਦਾ ਕਿ ਜੇ ਫਸਲ ਵਧੀਆ ਹੋ ਜਾਵੇਗੀ, ਚੰਗਾ ਮੁੱਲ ਮਿਲ ਜਾਵੇਗਾ ਤਾਂ ਉਹ ਆਪਣੇ ਧੀ ਪੁੱਤ ਦਾ ਵਧੀਆ ਕਾਰਜ ਨੇਪੜੇ ਚਾੜ ਸਕੇਗਾ ।ਬੈਂਕਾਂ ਤੋਂ ਲਿਆ ਕਰਜ਼ਾ ਸਮੇਂ ਸਿਰ ਮੋੜ ਸਕੇਗਾ ,ਪਰ ਅਕਸਰ ਕਿਸਾਨ ਨਾਲ ਅਜਿਹਾ ਕੁੱਝ ਵੀ ਨਹੀਂ ਹੁੰਦਾ। ਹਰ ਵਾਰ ਉਸਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ ਨੂੰ ਸੋਚ ਵਿਚਾਰ ਕਰਕੇ ਨਵੀਆਂ ਨੀਤੀਆਂ ਉਲੀਕਣੀਆਂ ਚਾਹੀਦੀਆਂ ਹਨ ਤਾਂ ਜੋ ਕਿਸਾਨੀ ਘਾਟੇ ਦਾ ਸੌਦਾ ਬਣ ਕੇ ਨਾ ਰਹਿ ਸਕੇ। ਕਿਉਂਕਿ ਜੇ ਕਿਸਾਨ ਖੁਸ਼ਹਾਲ ਹੈ ਤਾਂ ਦੇਸ਼ ਖੁਸ਼ਹਾਲ ਹੈ।

ਸੰਜੀਵ ਸਿੰਘ ਸੈਣੀ,
ਮੋਹਾਲੀ,7888966168






## ਮਿਹਨਤਕਸ਼ ਮਜਦੂਰਾਂ ਦੇ ਨਾਂ..!

ਅਸੀਂ ਰਚਣਾ ਨਵਾਂ ਇਤਿਹਾਸ ਐਸਾ,
ਜਿਸ ਨੂੰ ਵੇਖਕੇ ਦੁਨੀਆਂ ਦੰਗ ਰਹਿ ਜਾਏ।
ਹਰ ਪੱਥਰ ਨੂੰ ਹੀਰਾ ਬਣਾਉਣਾ ਲੋਚਦਾ ਮੈਂ,
ਜਿਸਦੀ ਰੌਸ਼ਨੀ ਨੂੰ ਵੇਖਦਾ ਚੰਨ ਰਹਿ ਜਾਏ।
ਰਫ਼ਤਾਰ ਸਮੇਂ ਦੀ ਨਾਲ ਹੀ ਚੱਲਣਾ ਅਸੀਂ,
ਸਮਾਂ ਵੇਖਦਾ ਸਾਡਾ ਸੰਗ ਰਹਿ ਜਾਏ।
ਨਿੱਤ ਨਵਾਂ ਕੋਈ ਸੁਪਨਾ ਸਜਾ ਲੈਣਾ ਅਸੀਂ,
ਸੁਪਨੇ ਨੂੰ ਹਕੀਕਤ 'ਚ ਬਦਲਣ ਦਾ ਕੰਮ ਰਹਿ ਜਾਏ।
ਮੰਜਿਲ ਕਿਸਦੀ ਕਿਥੇ ਹੈ ਕੋਈ ਜਾਣਦਾ ਨਹੀਂ,
ਪਰ ਮੰਜਿਲ ਪਾਉਣ ਦੀ ਇੱਕ ਉਮੰਗ ਰਹਿ ਜਾਏ।
ਵਗਦੇ ਰਹਿਣਾ ਦਰਿਆ ਦੇ ਵਾਗੂੰ ਅਸੀਂ,
ਦੁਨੀਆਂ ਬੋਲਾਂ ਦੇ ਮਾਰਦੀ ਭਾਵੇਂ ਡੰਗ ਰਹਿ ਜਾਏ।
ਜਿੱਤਣੀ ਜਿੰਦਗੀ ਦੀ ਜੰਗ ਖੁਦ ਲੜਕੇ ਅਸੀਂ,
ਮਜਬੂਤ ਵਿਸਵਾਸ਼ ਦੀ ਬਣੀ ਕੰਧ ਰਹਿ ਜਾਏ।
ਰਾਹ ਦੀਆਂ ਮੁਸਕਿਲਾਂ ਤੋਂ ਨਹੀਂ ਘਬਰਾਉਣਾ ਅਸੀਂ,
ਰਛਪਾਲ, ਚੇਤੇ ਹਰ ਮੁਸ਼ਕਿਲ ਦਾ ਹੱਲ ਰਹਿ ਜਾਏ।

ਰਛਪਾਲ ਸਿੰਘ ਰੈਸਲ
ਨਾਭਾ
94178-97576




Happy
BUDDHA
PURNIMA
May the teachings of
LORD BUDDHA
guide us towards
PEACE, COMPASSION AND WISDOM
Wish everyone a
BLESSED BUDDHA PURNIMA
LET'S CELEBRATE
BUDDHA PURNIMA TOGETHER
MAY 1ST, 2026
8 PM
INDIAN TIME
zoom
Zoom ID: 778-708-4236
Password: Dhamma2026
DHAMMA WAVES
BE INSPIRED BY THE TEACHINGS OF BUDDHA
THE CONSTITUTION OF INDIA
SPREADING BUDDHA DHAMMA &
BABASAHEB AMBEDKAR'S TEACHINGS AROUND THE GLOBE
WATCH US LIVE ON FACEBOOK
EVERY SUNDAY AT 8 PM INDIAN TIME
LIVE CALL
+91-966-797-2248
E-MAIL
dhammawaves.info@gmail.com
WATCH DHAMMA WAVES ON YOUTUBE
FOLLOW DHAMMA WAVES ON FACEBOOK
LIKE, SHARE & FOLLOW
BUILD A STRONG COMMUNITY BASED ON EQUALITY & HUMANITY
www.Dhammawaves.com
MAY ALL BE HEALTHY, PEACEFUL AND HAPPY

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 310 01/05/2026 www.samajweekly.com samajweekly @samajweekly samajweekly

# 1st MAY

# ਮਜ਼ਦੂਰ ਦਿਵਸ



## ਇੱਕ ਮਈ ਦਾ ਸੁਨੇਹਾ

ਇੱਕ ਮਈ ਮਜ਼ਦੂਰ ਦਾ ਦਿਨ ਐ, ਜਾਗੋ ਕਾਮਿਓ ਵੀਰੋ,
ਸ਼ਿਕਾਗੋ ਦੇ ਸ਼ਹੀਦਾਂ ਨੇ, ਜੋ ਰਾਹ ਸਾਨੂੰ ਦਿੱਤਾ...
ਲਾਲ ਝੰਡਾ ਚੁੱਕ ਕੇ ਵੇ, ਤੁਰ ਪਓ ਮੈਦਾਨ ਵੱਲ,
ਅੱਠ ਘੰਟੇ ਕੰਮ ਦਾ ਹੱਕ ਐ, ਛੱਡੋ ਗੁਲਾਮੀ ਦੀ ਗੱਲ...
ਮਜ਼ਦੂਰ ਏਕਤਾ ਜ਼ਿੰਦਾਬਾਦ! ਮਜ਼ਦੂਰ ਏਕਤਾ ਜ਼ਿੰਦਾਬਾਦ!
ਬਾਰਾਂ-ਸੋਲਾਂ ਘੰਟੇ ਖਪਦੇ, ਬੱਚੇ-ਤੀਵੀਆਂ ਨਾਲ,
ਕਾਰਖਾਨੇ ਵਿੱਚ ਹੱਡ ਗਲਾਏ, ਮਿਲਦੀ ਨਾ ਰੋਟੀ ਦਾਲ...
ਅਲਬਰਟ ਪਾਰਸਨਜ਼ ਫਾਂਸੀ ਚੜ੍ਹਿਆ, ਸਪਾਈਜ਼ ਵੀ ਕੁਰਬਾਨ,
ਹੇਅ ਮਾਰਕੀਟ ਦੇ ਚੌਂਕ 'ਚ ਡੁੱਲ੍ਹਿਆ, ਕਿਰਤੀਆਂ ਦਾ ਇਮਾਨ।
ਖੂਨ ਦੇ ਛਿੱਟੇ ਪਾ ਕੇ ਜਿਨ੍ਹਾਂ, ਕਾਨੂੰਨ ਨਵਾਂ ਲਿਖਵਾਇਆ,
ਉਹਨਾਂ ਸ਼ਹੀਦਾਂ ਨੂੰ ਸੀਸ ਝੁਕਾਈਏ, ਜਿਨ੍ਹਾਂ ਸੁਰਗ ਨਵਾਂ ਬਣਾਇਆ...
ਮਜ਼ਦੂਰ ਏਕਤਾ ਜ਼ਿੰਦਾਬਾਦ! ਮਜ਼ਦੂਰ ਏਕਤਾ ਜ਼ਿੰਦਾਬਾਦ!
ਸਿੰਗਾਰਵੇਲੂ ਚੇਟਿਆਰ ਨੇ, ਮਦਰਾਸ ਵਿੱਚ ਝੰਡਾ ਲਹਿਰਾਇਆ,
ਇੱਕ ਮਈ ਦਾ ਦਿਨ ਭਾਰਤ ਵਿੱਚ, ਪਹਿਲੀ ਵਾਰ ਮਨਾਇਆ...
ਪਰ ਲੜਾਈ ਮੁੱਕੀ ਨਾ ਅਜੇ, ਬਦਲੇ ਰੂਪ ਜ਼ਮਾਨੇ,
ਠੇਕੇਦਾਰੀ ਪ੍ਰਥਾ ਨੇ ਫੇਰ, ਪਾਏ ਗੁਲਾਮੀ ਦੇ ਗਾਨੇ।
ਭੱਠੇ ਵਾਲਾ, ਸੀਰੀ-ਕਾਮਾ, ਰੇਹੜੀ-ਫੜ੍ਹੀ ਵਾਲਾ,
ਡਿਲੀਵਰੀ ਬੁਆਏ, ਡਰਾਈਵਰ, ਕੋਈ ਨਾ ਰਾਖਾ-ਪਾਲਾ...
ਮਜ਼ਦੂਰ ਏਕਤਾ ਜ਼ਿੰਦਾਬਾਦ! ਮਜ਼ਦੂਰ ਏਕਤਾ ਜ਼ਿੰਦਾਬਾਦ!
ਕੋਰੋਨਾ ਨੇ ਦਿਖਾ ਦਿੱਤਾ, ਪ੍ਰਵਾਸੀ ਦੀ ਕੀ ਹਾਲਤ,
ਹਜ਼ਾਰ ਮੀਲ ਤੁਰਿਆ ਪੈਦਲ, ਨਾ ਪਾਣੀ  ਨਾ ਖਾਣ ਨੂੰ...
ਨਾਰੀ ਨੂੰ ਘੱਟ ਉਜਰਤ ਮਿਲਦੀ, ਸ਼ੋਸ਼ਣ ਸਹੇ ਸਰੀਰੇ,
ਬਾਲ ਮਜ਼ਦੂਰੀ ਅਜੇ ਵੀ ਜਾਰੀ, ਵੇਖ ਜ਼ਰਾ ਤਸਵੀਰੇ।
ਪੰਜਾਬ ਦੇ ਖੇਤ ਮਜ਼ਦੂਰ ਦੀ, ਕਮਰ ਤੋੜਦਾ ਕਰਜ਼ਾ,
ਮਨਰੇਗਾ ਵੀ ਖਾ ਗਏ ਲੀਡਰ, ਕਿੱਥੇ ਰਹੇ ਪਰਜ਼ਾ...
ਮਜ਼ਦੂਰ ਏਕਤਾ ਜ਼ਿੰਦਾਬਾਦ! ਮਜ਼ਦੂਰ ਏਕਤਾ ਜ਼ਿੰਦਾਬਾਦ!
ਮਾਲਕੋ ਸੁਣੋ ਗੱਲ ਸਾਡੀ, ਮਸ਼ੀਨ ਨਾ ਸਮਝੋ ਕਾਮੇ,
ਇਨਸਾਨ ਹੈ ਇਹ ਹੱਡ-ਮਾਸ ਦਾ, ਰੱਖੋ ਇਸਦੇ ਆਰਾਮੇ...
ਸਰਕਾਰੇ ਕਾਨੂੰਨ ਬਣਾ ਲਏ, ਲਾਗੂ ਕਰੋ ਜ਼ਮੀਨ 'ਤੇ,
ਹੱਕ ਮੰਗਣਾ ਕੋਈ ਭੀਖ ਨਹੀਂ, ਹੱਕ ਹੈ ਕਿਰਤੀ ਦੀਨ ਦਾ।
ਰਮੇਸ਼ਵਰ ਸਿੰਘ ਆਖੇ ਜਾਗੋ, ਬਣੋ ਇੱਕ-ਮੁੱਠ ਵੀਰੋ,
ਕਾਰਲ ਮਾਰਕਸ ਦਾ ਨਾਅਰਾ ਗੂੰਜੇ, "ਇੱਕ ਹੋ ਜਾਓ ਕਾਮਿਓ!"...
ਮਜ਼ਦੂਰ ਏਕਤਾ ਜ਼ਿੰਦਾਬਾਦ! ਮਜ਼ਦੂਰ ਏਕਤਾ ਜ਼ਿੰਦਾਬਾਦ!
ਹੱਥ ਨੂੰ ਕੰਮ ਤੇ ਢਿੱਡ ਨੂੰ ਰੋਟੀ, ਜਦ ਤੱਕ ਨਹੀਂ ਮਿਲ ਜਾਂਦੀ
ਸ਼ਿਕਾਗੋ ਦੇ ਸ਼ਹੀਦਾਂ ਦੀ ਸੋਚ, ਅਧੂਰੀ ਰਹਿ ਜਾਂਦੀ...
ਕੋਠੀ-ਸੜਕ-ਕਾਰਖਾਨਾ ਸਭ, ਤੇਰੇ ਪਸੀਨੇ ਦੀ ਦੇਣ ਐ,
ਤੂੰ ਹੀ ਅਸਲ ਰਾਸ਼ਟਰ-ਨਿਰਮਾਤਾ, ਤੇਰੇ ਸਿਰ 'ਤੇ ਸਿਹਰਾ ...
ਮਜ਼ਦੂਰ ਏਕਤਾ ਜ਼ਿੰਦਾਬਾਦ! ਮਜ਼ਦੂਰ ਏਕਤਾ ਜ਼ਿੰਦਾਬਾਦ!
ਮਜ਼ਦੂਰ ਏਕਤਾ ਜ਼ਿੰਦਾਬਾਦ! ਮਜ਼ਦੂਰ ਏਕਤਾ ਜ਼ਿੰਦਾਬਦ!



**ਰਮੇਸ਼ਵਰ ਸਿੰਘ ਪਟਿਆਲਾ**




## ਹਰ ਦਿਨ ਹੁੰਦੈ ਮਜ਼ਦੂਰਾਂ ਦਾ

ਕਿਉਂ ਇੱਕ ਮਈ ਵਾਲ਼ੇ ਦਿਨ ਵੀ ,
ਮਜ਼ਦੂਰ ਨੂੰ ਫ਼ਿਕਰ ਹੈ ਰੋਟੀ ਦਾ ।
ਤਾਂ ਹੀ ਜ਼ਿਕਰ ਕਰਨ ਦਾ ਵੇਲਾ ਏ ,
ਹਾਕਮ ਦੀ ਨੀਅਤ ਖੋਟੀ ਦਾ ।
ਜੋ ਹਰ ਕਿਰਤੀ ਨੂੰ ਇੱਕ ਥਾਂ 'ਤੇ ,
'ਕੱਠਿਆਂ ਕਰੇ ਸੰਘਰਸ਼ਾਂ ਲਈ ;
ਫ਼ਿਰ ਉਨ੍ਹਾਂ ਸੰਘਰਸ਼ਾਂ 'ਚੋਂ ਉੱਭਰੇ ,
ਕੋਈ ਅਸਲੀ ਆਗੂ ਚੋਟੀ ਦਾ ।
*********

ਸਾਨੂੰ ਮੁਫ਼ਤ ਨਹੀਂ ਕੁੱਝ ਚਾਹੀਦਾ ,
ਕੰਮ ਦਿਓ ਵਿਹਲਿਆਂ ਹੱਥਾਂ ਨੂੰ ।
ਜਿੱਥੇ ਹਰ ਇੱਕ ਮੁੱਦੇ 'ਤੇ ਗੱਲ ਹੋਵੇ ,
ਲਾਓ ਜਾਗ ਪਿੰਡਾਂ ਦੀਆਂ ਸੱਥਾਂ ਨੂੰ ।
ਸੋਸ਼ਲ ਮੀਡੀਆ 'ਤੇ ਰੀਲ੍ਹਾਂ ਦੀ ਥਾਂ ,
ਅਪਣੇ ਹੱਕ ਲੈਣ ਦੀ ਗੱਲ ਕਰੀਏ ,
ਹਾਕਮਾਂ ਤਾਈਂ ਫ਼ੇਰ ਸਵਾਲ ਹੋਣ ,
ਪਹਿਲਾਂ ਘੋਖ ਲਈਏ ਸਭ ਤੱਥਾਂ ਨੂੰ ।
*********

ਸਾਨੂੰ ਸਮਝਣ ਮਾਲ ਵਿਕਾਊ ਕਿਉਂ ,
ਪਊਏ ਅਧੀਏ ਪਿੱਛੇ ਵਿਕੀਏ ਨਾ ।
ਸਾਡਾ ਮਈ ਦਿਹਾੜਾ ਨਿੱਤ ਹੋ ਜਾਏ ,
ਇਹਨਾਂ ਚੋਚਲਿਆਂ 'ਤੇ ਟਿਕੀਏ ਨਾ ।
ਪਿੰਡ ਤਾਂ ਰੰਚਣਾਂ ਵਾਲ਼ੇ ਰੁਲ਼ਦੂ ਦੀ ,
ਗੱਲ ਸੋਲ਼ਾਂ ਆਨੇ ਸੱਚ ਹੋ ਜਾਏ ;
ਜੋ ਕੁੱਝ ਵੀ ਲਿਖੀਏ ਹੱਕਾਂ ਲਈ ,
ਮਨੋਰੰਜਨ ਲਈ ਕੁੱਝ ਲਿਖੀਏ ਨਾ ।



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037